Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
# ਖੇਤੀ ਦੁਨੀਆਂ
Rs.10/-
All Subject to Patiala Jurisdiction.
www.khetiduniyan.in
Editor : Jagpreet Singh ● RNI/42269/83 ● Issue Dated 27-07-2024 ● Vol.42 No.30 ● Ph. : 0175-2214575, 90410-14575 ● Page : 16
E-mail : khetiduniyan1983@gmail.com

# ਝੋਨੇ ਦੀ ਫਸਲ ਵਿਚ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਅਤੇ ਪ੍ਰਬੰਧਨ



ਜ਼ਿੰਕ ਪੌਦਿਆਂ ਲਈ ਇੱਕ ਜ਼ਰੂਰੀ ਪੌਸ਼ਟਿਕ ਤੱਤ ਹੈ ਜੋ ਕਿ ਪੌਦਿਆਂ ਦੇ ਵਿਕਾਸ ਅਤੇ ਜ਼ਿਆਦਾ ਪੈਦਾਵਾਰ ਲਈ ਅਹਿਮ ਭੂਮਿਕਾ ਨਿਭਾਉਂਦਾ ਹੈ । ਜ਼ਿੰਕ ਪੌਦਿਆਂ ਵਿਚ ਗਤੀਸ਼ੀਲ ਅਤੇ ਮਿੱਟੀ ਵਿਚ ਸਥਿਰ ਰਹਿੰਦੀ ਹੈ । ਜ਼ਿੰਕ ਦੀ ਘਾਟ ਆਮ ਤੌਰ ਤੇ ਕਲਰ, ਤੀਬਰ ਫਸਲੀ ਪ੍ਰਣਾਲੀ, ਜ਼ਿਆਦਾ ਉਪਲਬਧ ਫਾਸਫੋਰਸ ਦੀ ਮਾਤਰਾ, ਲਗਾਤਾਰ ਪਾਣੀ ਖੜਾ ਰੱਖਣ ਜਾਂ ਮਾੜੀ ਨਿਕਾਸੀ ਵਾਲੀਆਂ ਜ਼ਮੀਨਾਂ ਵਿਚ ਹੁੰਦੀ ਹੈ ।



## ਨਿਸ਼ਾਨੀਆਂ

ਝੋਨੇ ਦੀ ਪਨੀਰੀ ਲਾਉਣ ਤੋਂ 2-3 ਹਫਤਿਆਂ ਬਾਅਦ ਜ਼ਿੰਕ ਦੀ ਕਮੀ ਦੇ ਲੱਛਣ ਦਿਖਾਈ ਦਿੰਦੇ ਹਨ । ਬੂਟੇ ਮੱਧਰੇ ਰਹਿ ਜਾਂਦੇ ਹਨ ਅਤੇ ਬੂਟਾ ਜਾੜ ਬਹੁਤ ਘੱਟ ਮਾਰਦਾ ਹੈ । ਅਜਿਹੇ ਬੂਟਿਆਂ ਦੇ ਪੱਤੇ ਜੰਗਾਲੇ ਜਿਹੇ ਅਤੇ ਭੂਰੇ ਹੋ ਜਾਂਦੇ ਹਨ । ਪੱਤੇ ਦੀ ਵਿਚਕਾਰਲੀ ਨਾੜ ਦਾ ਰੰਗ ਬਦਲ ਜਾਂਦਾ ਹੈ ਅਤੇ ਬਾਅਦ ਵਿਚ ਪੱਤੇ ਸੁੱਕ ਜਾਂਦੇ ਹਨ ।

## ਪ੍ਰਬੰਧਨ


★ ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ, ਝੋਨੇ ਦੀ ਪਨੀਰੀ ਬੀਜਣ ਸਮੇਂ 40 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਜਾਂ 25.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ ਮਿੱਟੀ ਵਿਚ ਰਲਾ ਦਿਉ ।

★ ਝੋਨੇ ਦੀ ਫਸਲ ਵਿਚ ਜ਼ਿੰਕ ਦੀ ਘਾਟ ਨੂੰ ਪੂਰੀ ਕਰਨ ਲਈ ਕੱਦੂ ਕਰਨ ਸਮੇਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਮਿੱਟੀ ਵਿਚ ਰਲਾ ਦਿਓ । ਜੇਕਰ ਬੀਜੀ ਫਸਲ ਵਿਚ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਉਸ ਵੇਲੇ ਹੀ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ ਪ੍ਰਤੀ ਏਕੜ ਖੇਤ ਦੇ ਘਾਟ ਵਾਲੇ ਥਾਵਾਂ ਵਿਚ ਛੱਟੇ ਨਾਲ ਪਾ ਦਿਉ ।

**ਵਿਵੇਕ ਸ਼ਰਮਾ, ਭੂਮੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ ਮੋ. 98769-17183**

# ਝੋਨੇ ਦੇ ਪੌਦੇ ਨੂੰ ਹਿਲਾਉਣ ’ਤੇ 5 ਟਿੱਡੇ ਪਾਣੀ ਵਿੱਚ ਤੈਰਦੇ ਦਿਖਾਈ ਦੇਣ ਤਾਂ ਸਿਫਾਰਿਸ਼ੀ ਕੀਟਨਾਸ਼ਕ ਦਾ ਕਰੋ ਸਪਰੇਅ

ਫ਼ਸਲਾਂ ਦਾ ਰੰਗ ਹਰਾ ਕਰਨ ਅਤੇ ਪੈਦਾਵਾਰ ਵਧਾਉਣ ਦੀ ਦੌੜ ਵਿੱਚ ਫ਼ਸਲਾਂ ਵਿੱਚ ਵਰਤੀਆਂ ਜਾਣ ਵਾਲੀਆਂ ਗੈਰ-ਜ਼ਰੂਰੀ ਖਾਦਾਂ ਅਤੇ ਦਵਾਈਆਂ ਤੋਂ ਦੋਹਰਾ ਨੁਕਸਾਨ ਹੋ ਰਿਹਾ ਹੈ । ਇਨ੍ਹਾਂ ਜ਼ਹਿਰਾਂ ਦੀ ਅੰਧਾਧੁੰਦ ਵਰਤੋਂ ਨਾਲ ਜਿੱਥੇ ਇਨ੍ਹਾਂ ਫਸਲਾਂ ਦੀ ਗੁਣਵੱਤਾ ਪ੍ਰਭਾਵਿਤ ਹੁੰਦੀ ਹੈ, ਉੱਥੇ ਖੇਤੀ ਖਰਚ ਵੀ ਵੱਧ ਜਾਂਦਾ ਹੈ। ਪੈਦਾਵਾਰ ਵਿੱਚ ਜ਼ਹਿਰੀਲੇ ਤੱਤ ਵੀ ਵੱਧ ਜਾਂਦੇ ਹਨ । ਖਾਸ ਤੌਰ ’ਤੇ ਝੋਨਾ ਅਤੇ ਬਾਸਮਤੀ ਦੀ ਫ਼ਸਲ ਵਿੱਚ ਕਿਸਾਨ ਫ਼ਸਲ ਦੀ ਪੈਦਾਵਾਰ ਵਧਾਉਣ ਲਈ ਯੂਰੀਆ ਖਾਦ ਦੀ ਅੰਧਾਧੁੰਦ ਵਰਤੋਂ ਕਰਦੇ ਹਨ। ਝੋਨੇ ਦੇ ਟਿੱਡੇ ਜੁਲਾਈ ਤੋਂ ਸਤੰਬਰ ਤੱਕ ਪੌਦਿਆਂ ਦਾ ਰਸ ਚੂਸਦੇ ਹਨ । ਇਸ ਦੀ ਰੋਕਥਾਮ ਲਈ ਨਾਈਟਰੋਜਨ ਵਾਲੀਆਂ ਖਾਦਾਂ ਦੀ ਵਰਤੋਂ ਜ਼ਰੂਰਤ ਦੇ ਮੁਤਾਬਿਕ ਹੀ ਕਰਨੀ ਚਾਹੀਦੀ ਹੈ । ਖੇਤ ਵਿੱਚ ਪੌਦਾ ਹਿਲਾਉਣ ਤੋਂ ਬਾਅਦ ਪ੍ਰਤੀ ਪੌਦਾ 5 ਜਾਂ ਜ਼ਿਆਦਾ ਟਿੱਡੇ ਪਾਣੀ ਵਿੱਚ ਤੈਰਦੇ ਦਿਖਾਈ ਦੇਣ ਤਾਂ ਕੀਟਨਾਸ਼ਕ ਦਾ ਛਿੜਕਾਅ ਕਰਨਾ ਚਾਹੀਦਾ ਹੈ । ਝੋਨੇ ’ਤੇ ਕੰਡਿਆਲੀ ਭੁੰਡੀ ਦਾ ਹਮਲਾ ਵੀ ਦੇਖਣ ਨੂੰ ਮਿਲਦਾ ਹੈ, ਜਿਸ ਦੀ ਰੋਕਥਾਮ ਲਈ ਖੇਤ ਦਾ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ । ਜ਼ਰੂਰਤ ਪੈਣ ’ਤੇ ਸਿਫਾਰਿਸ਼ੀ ਕੀਟਨਾਸ਼ਕ ਦਾ ਛਿੜਕਾਅ ਕਰਨਾ ਚਾਹੀਦਾ ਹੈ ।



ਖੇਤੀ ਅਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਜਸਵੰਤ ਸਿੰਘ ਦਾ ਕਹਿਣਾ ਹੈ ਕਿ ਜੇਕਰ ਕਿਸੇ ਵੀ ਖੇਤ ਵਿੱਚ ਕਿਸਾਨਾਂ ਨੂੰ ਕੋਈ ਸਮੱਸਿਆ ਨਜ਼ਰ ਆਉਂਦੀ ਹੈ, ਤਾਂ ਉਹ ਖਾਦ ਵਿਕਰੇਤਾ ਦੇ ਕਹਿਣ ’ਤੇ ਕਿਸੇ ਦਵਾਈ ਦਾ ਛਿੜਕਾਅ ਕਰਨ ਦੀ ਬਜਾਏ ਪਹਿਲਾਂ ਖੇਤੀ ਮਾਹਿਰਾਂ ਨਾਲ ਸੰਪਰਕ ਕਰਨ, ਜਿਸ ਨਾਲ ਸਹੀ ਸਮੇਂ ’ਤੇ ਸਹੀ ਦਵਾਈ ਦਾ ਛਿੜਕਾਅ ਕਰਕੇ ਸਮੱਸਿਆ ਦਾ ਹੱਲ ਕੀਤਾ ਜਾ ਸਕੇ ਅਤੇ ਜ਼ਿਆਦਾ ਖਰਚ ਨਾਲ ਵੀ ਬਚਾਅ ਹੋ ਸਕੇ । ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਬਾਸਮਤੀ ਦੀ ਫ਼ਸਲ ’ਤੇ ਪ੍ਰਤੀਬੰਧਿਤ ਦਵਾਈਆਂ ਦੀ ਬਿਲਕੁਲ ਵੀ ਵਰਤੋਂ ਨਾ ਕੀਤੀ ਜਾਵੇ ।

BEW
KSA
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ

● ਲੋਨ ਉਪਲੱਬਧ
● ਸਬਸਿਡੀ ਉਪਲੱਬਧ
● ਬੁਕਿੰਗ ਸ਼ੁਰੂ
● ਪਾਊਡਰ ਕੋਟਿੰਗ ਪੇਂਟ
● ਪੇਟੇਂਟ ਡਿਜ਼ਾਇਨ
TOLL FREE NUMBER 1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS AGRICULTURAL INDUSTRIES PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

## ਪੀ.ਏ.ਯੂ. ਵੱਲੋਂ ਸਤੰਬਰ ਵਿੱਚ ਲਗਾਏ ਜਾ ਰਹੇ ਕਿਸਾਨ ਮੇਲੇ



| | | | |
|---|---|---|---|
| ਨਾਗਕਲਾਂ (ਅੰਮ੍ਰਿਤਸਰ) | 3 ਸਤੰਬਰ | ਗੁਰਦਾਸਪੁਰ | 18 ਸਤੰਬਰ |
| ਬੱਲੋਵਾਲ ਸੌਂਖੜੀ | 6 ਸਤੰਬਰ | ਰੌਣੀ (ਪਟਿਆਲਾ) | 24 ਸਤੰਬਰ |
| ਫਰੀਦਕੋਟ | 10 ਸਤੰਬਰ | ਬਠਿੰਡਾ | 27 ਸਤੰਬਰ |

ਪੀ.ਏ.ਯੂ. ਲੁਧਿਆਣਾ 13 ਤੇ 14 ਸਤੰਬਰ

ਲੜੀ ਜੋੜਨ ਲਈ
ਪਿਛਲਾ ਅੰਕ ਪੜ੍ਹੋ ।

# ਨਰਮੇ ਕਪਾਹ ਦੀਆਂ ਜੈਵਿਕ ਅਤੇ ਅਜੀਵਿਕ ਸਮੱਸਿਆਵਾਂ ਦੀ ਰੋਕਥਾਮ

**ਰੁਪੇਸ਼ ਕੁਮਾਰ ਅਰੋੜਾ, ਜਗਦੀਸ਼ ਅਰੋੜਾ ਅਤੇ ਪਰਮਜੀਤ ਸਿੰਘ,**
ਖੇਤਰੀ ਖੋਜ ਕੇਂਦਰ, ਬਠਿੰਡਾ (ਮੋ. 96466-87131)

**4. ਪੈਰਾਵਿਲਟ**

ਪੈਰਾਵਿਲਟ ਇੱਕ ਅੰਦਰੂਨੀ ਵਿਕਾਰ ਹੈ ਜਿਸ ਕਾਰਨ ਨਰਮੇ ਦੇ ਟਾਂਵੇ-ਟਾਵੇ ਬੂਟੇ ਸੁੱਕ ਜਾਂਦੇ ਹਨ । ਪੈਰਾਵਿਲਟ ਕਾਰਨ ਬੂਟੇ ਦੇ ਇਕ ਦਮ ਕੁਮਲਾਉਣ ਦਾ ਕਾਰਨ ਬੂਟੇ ਦੁਆਰਾ ਪਾਣੀ ਲੈਣ ਜਾਂ ਪਾਣੀ ਮਿਲਣ ਵਿਚ ਵਿਗਾੜ ਆਉਣਾ ਹੈ । ਪੈਰਾਵਿਲਟ ਕਿਸੇ ਵੀ ਜੀਵਾਣੂ ਜਾਂ ਵਿਸ਼ਾਣੂ ਕਾਰਨ ਨਹੀਂ ਹੁੰਦਾ, ਇਸ ਲਈ



ਲੰਬੇ ਸਮੇਂ ਦੀ ਔੜ, ਤੇਜ਼ ਧੁੱਪ, ਜ਼ਿਆਦਾ ਤਾਪਮਾਨ ਤੋਂ ਬਾਅਦ ਭਾਰੀ ਸਿੰਚਾਈ ਜਾਂ ਮੀਂਹ ਪੈਣ ਕਾਰਨ ਪੈਰਾਵਿਲਟ ਲਈ ਅਨੁਕੂਲ ਹਾਲਾਤ ਤਿਆਰ ਕਰਦੇ ਹਨ । ਖੇਤ ਵਿਚ ਪਾਣੀ ਖੜ੍ਹਨ ਨਾਲ ਨਰਮੇ ਦੀਆਂ ਜੜ੍ਹਾਂ ਨੂੰ ਹਵਾ ਨਹੀਂ ਮਿਲਦੀ ਜਿਸ ਕਾਰਨ ਇਥਲੀਨ ਜ਼ਿਆਦਾ ਮਾਤਰਾ ਵਿਚ ਪੈਦਾ ਹੁੰਦੀ ਹੈ ਅਤੇ ਇਸ ਕਾਰਨ ਨਰਮੇ ਦੇ ਹਰੇ ਪੱਤੇ ਇਕ ਦਮ ਕੁਮਲਾ ਜਾਂਦੇ ਤੇ ਫਿਰ ਕੁਝ ਦਿਨਾਂ ਬਾਅਦ ਸੁੱਕ ਕੇ ਝੜ ਜਾਂਦੇ ਹਨ । ਪੈਰਾਵਿਲਟ ਨਾਲ ਪ੍ਰਭਾਵਿਤ ਬੂਟੇ ਦੀਆਂ ਜੜ੍ਹਾਂ ਤੇ ਕੋਈ ਮਾੜਾ ਅਸਰ ਨਹੀਂ ਹੁੰਦਾ ਅਤੇ ਇਸ ਦੀ ਖਾਸ ਨਿਸ਼ਾਨੀ ਹੈ ਕਿ ਪੈਰਾਵਿਲਟ ਤੋਂ ਪ੍ਰਭਾਵਿਤ ਬੂਟਿਆਂ ਨੂੰ ਆਸਾਨੀ ਨਾਲ ਨਹੀਂ ਪੁੱਟਿਆ ਜਾ ਸਕਦਾ ।

**ਉਪਾਅ** : ਪੈਰਾਵਿਲਟ ਦੀਆਂ ਮੁੱਢਲੀਆਂ ਨਿਸ਼ਾਨੀਆਂ ਦੇਖਦੇ ਸਾਰ ਹੀ ਪ੍ਰਭਾਵਿਤ ਬੂਟਿਆਂ ਉੱਪਰ ਕੋਬਾਲਟ ਕਲੋਰਾਈਡ 10 ਮਿਲੀਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਘੋਲ ਕੇ 24 ਘੰਟਿਆਂ ਦੇ ਅੰਦਰ ਅੰਦਰ ਛਿੜਕਾਅ ਕਰਨਾ ਚਾਹੀਦਾ ਹੈ । ਕੋਬਾਲਟ ਕਲੋਰਾਈਡ ਦਾ ਅਸਰ ਸਿਰਫ ਉਹਨਾਂ ਬੂਟਿਆਂ ਤੇ ਹੀ ਹੁੰਦਾ ਹੈ ਜੋ ਪੂਰੀ ਤਰ੍ਹਾਂ ਮੁਰਝਾਏ ਨਹੀਂ ਹੁੰਦੇ ।

**5. ਨਰਮੇ ਦੀ ਫਸਲ ਵਿਚ ਪਾਣੀ ਖੜ੍ਹਨ ਦੇ ਪ੍ਰਭਾਵ**

ਨਰਮੇ ਦੀ ਫਸਲ ਵਿਚ ਉੱਗਣ ਤੋਂ ਬਾਅਦ ਬਹੁਤ ਜ਼ਿਆਦਾ ਪਾਣੀ ਟੁੱਟ ਕੇ ਲੱਗ ਜਾਵੇ ਜਾਂ ਭਾਰਾ ਮੀਂਹ ਪੈ ਜਾਵੇ ਅਤੇ ਪਾਣੀ ਜ਼ਿਆਦਾ ਦੇਰ ਤੱਕ ਖੇਤ ਵਿਚ ਖੜ੍ਹ ਜਾਵੇ ਤਾਂ ਨਰਮਾ ਮਰ ਸਕਦਾ ਹੈ । ਪਾਣੀ ਦੀ ਮਾਰ ਕਾਰਨ ਨਰਮੇ ਦੀ ਫਸਲ ਦਾ ਬਹੁਤ ਨੁਕਸਾਨ ਹੋ ਸਕਦਾ ਹੈ । ਦੇਰ ਤੱਕ ਫਸਲ ਵਿਚ ਪਾਣੀ ਖੜਨ ਕਾਰਨ ਜ਼ਮੀਨ ਵਿਚ ਹਵਾ ਦੀ ਮਾਤਰਾ ਹੋ ਜਾਂਦੀ ਹੈ, ਜਿਸ ਕਾਰਨ ਨਰਮੇ ਦੇ ਬੂਟੇ ਮਰ ਜਾਂਦੇ ਹਨ । ਰੇਤਲੀਆਂ ਜ਼ਮੀਨਾਂ ਵਿਚ ਪਾਣੀ ਜੀਰਨ ਦੀ ਕੁਸ਼ਲਤਾ ਜ਼ਿਆਦਾ ਹੋਣ ਕਾਰਨ ਪਾਣੀ ਜਲਦੀ ਸੁੱਕ ਜਾਂਦਾ ਹੈ ਅਤੇ ਇਸ ਵਿਚ ਨਰਮਾ ਮਰਨ ਆਸਾਰ ਘੱਟ ਹੁੰਦੇ ਹਨ । ਇਸ ਦੇ ਉਲਟ ਭਾਰੀਆਂ ਜ਼ਮੀਨਾਂ ਵਿਚ ਪਾਣੀ ਦੀ ਮਾਰ ਕਾਰਨ ਫਸਲ ਦਾ ਜ਼ਿਆਦਾ ਨੁਕਸਾਨ ਹੁੰਦਾ ਹੈ । ਸਾਉਣੀ 2023 ਵਿੱਚ ਜ਼ਿਲ੍ਹਾ ਬਠਿੰਡਾ (ਬਲਾਕ ਤਲਵੰਡੀ ਸਾਬੋ) ਅਤੇ ਮਾਨਸਾ ਦੇ ਕੁੱਝ ਪਿੰਡਾਂ ਵਿਚ ਨਰਮੇ ਦੇ ਖੇਤਾਂ ਵਿਚ ਪਾਣੀ ਨਿਕਾਸੀ ਨਾ ਹੋਣ ਕਰਕੇ ਇਹ ਸਮੱਸਿਆ ਵੇਖਣ ਵਿਚ ਆਈ । ਨਰਮੇ ਦੀ ਕਾਸ਼ਤ ਲਈ ਖੇਤ ਵਿਚ ਪਾਣੀ ਦੇ ਨਿਕਾਸ ਦਾ ਪ੍ਰਬੰਧ ਹੋਣਾ ਬਹੁਤ ਜ਼ਰੂਰੀ ਹੈ । ਜਿਸ ਖੇਤ ਵਿਚ ਪਾਣੀ ਖੜਣ ਦੀ ਸਮੱਸਿਆ ਹੋਵੇ ਉਸ ਖੇਤ ਵਿਚ ਨਰਮੇ-ਕਪਾਹ ਦੀ ਫਸਲ ਬੀਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ।

**6. ਫੁੱਲ-ਡੋਡੀ ਦਾ ਝੜਨਾ**

ਨਰਮੇ ਦੀ ਫਸਲ ਵਿਚ ਤੱਤਾਂ ਦੀ ਮੰਗ ਫੁੱਲ ਪੈਣ ਅਤੇ ਟੀਂਡੇ ਬਣਨ ਦੇ ਪੜਾਅ ਵਿੱਚ ਇਕ ਦਮ ਬਹੁਤ ਜਾਂਦੀ ਹੈ । ਮਿੱਟੀ ਵਿਚ ਪਾਏ ਤੱਤ ਖਾਸ ਤੌਰ ਤੇ ਨਾਈਟ੍ਰੋਜਨ ਅਤੇ ਪੋਟਾਸ਼ੀਅਮ ਇਸ ਮੰਗ ਨੂੰ ਪੂਰਾ ਕਰਨ ਵਿਚ ਅਸਮੱਰਥ



ਹੁੰਦੇ ਹਨ ਅਤੇ ਮੰਗ ਦੀ ਪੂਰਤੀ ਨਾ ਹੋਣ ਕਾਰਨ ਫੁੱਲ ਡੋਡੀ ਅਤੇ ਕੱਚੇ ਟੀਂਡੇ ਝੜਨ ਲੱਗਦੇ ਹਨ, ਜਿਸ ਕਾਰਨ ਫਸਲ ਦਾ ਝਾੜ ਘੱਟ ਜਾਂਦਾ ਹੈ ।

**ਉਪਾਅ** : ਫੁੱਲ ਡੋਡੀ ਦੇ ਝੜਨ ਨੂੰ ਰੋਕਣ ਲਈ ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਸਪਰੇਅ ਕਰਕੇ ਤੱਤਾਂ ਦੀ ਮੰਗ ਨੂੰ ਪੂਰਾ ਕਰਨਾ ਲਾਭਦਾਇਕ ਹੁੰਦਾ ਹੈ । ਇਸ ਤਰ੍ਹਾਂ ਫੁੱਲ ਡੋਡੀ ਅਤੇ ਕੱਚੇ ਟੀਂਡੇ ਘੱਟ ਝੜਦੇ ਹਨ । ਫੁੱਲਾਂ ਦੀ ਸ਼ੁਰੂਆਤ ਤੋਂ ਲੈ ਕੇ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਚਾਰ ਸਪਰੇਅ ਹਫਤੇ ਹਫਤੇ ਦੇ ਵਕਫੇ ਤੇ ਕਰਨੇ ਚਾਹੀਦੇ ਹਨ । 2% ਪੋਟਾਸ਼ੀਅਮ ਨਾਈਟ੍ਰੇਟ ਦਾ ਮਤਲਬ ਹੈ ਕਿ 100 ਲੀਟਰ ਪਾਣੀ ਵਿਚ 2 ਕਿਲੋ ਪੋਟਾਸ਼ੀਅਮ ਨਾਈਟ੍ਰੇਟ ਦਾ ਘੋਲ ਬਣਾਓ ।

**7. ਤਿੜਕ**

ਇਹ ਵੀ ਇਕ ਅੰਦਰੂਨੀ ਵਿਕਾਰ ਹੈ, ਕਿਸੇ ਜੀਵਾਣੂ ਜਾਂ ਵਿਸ਼ਾਣੂ ਕਾਰਨ ਨਹੀਂ ਹੁੰਦਾ । ਤਿੜਕ ਨਾਲ ਨਰਮੇ ਦੇ ਪੱਤੇ ਪੀਲੇ ਅਤੇ ਲਾਲ ਹੋ ਜਾਂਦੇ ਹਨ ਅਤੇ ਪਿੱਛੋਂ ਟੀਂਡੇ ਪੂਰੀ ਤਰ੍ਹਾਂ ਨਹੀਂ ਖਿੜਦੇ (ਕੱਚੇ ਟੀਂਡੇ ਥੋੜ੍ਹੇ-ਖੁੱਲ੍ਹ ਜਾਂਦੇ ਹਨ । ਤਿੜਕ ਜ਼ਿਆਦਾ ਤਰ ਹਰਿਆਣਾ, ਰਾਜਸਥਾਨ ਅਤੇ ਇਨ੍ਹਾਂ ਦੇ ਨਾਲ ਲੱਗਦੇ ਪੰਜਾਬ ਦੇ ਖੁਸ਼ਕ ਇਲਾਕਿਆਂ ਵਿਚ ਆਉਂਦੀ ਹੈ । ਇਸ ਦੇ ਮੁੱਖ ਕਾਰਨ, ਲੰਮੇ ਸਮੇਂ ਦੀ ਔੜ, ਸਿੰਚਾਈ ਲਈ ਪਾਣੀ ਦੀ ਘਾਟ, ਹਲਕੀਆਂ ਰੇਤਲੀਆਂ ਜ਼ਮੀਨਾਂ ਵਿਚ ਖੁਰਾਕੀ ਤੱਤਾਂ ਦੀ ਘਾਟ, ਬਹੁਤ ਅਗੇਤੀ ਬਿਜਾਈ, ਪੌਦ ਸੁਰੱਖਿਆ ਠੀਕ ਨਾ ਹੋਣਾ ਹਨ । ਤਿੜਕ ਇਹਨਾਂ ਕਾਰਨਾਂ ਵਿਚੋਂ ਕਿਸੇ ਇਕ ਜਾਂ ਇਕ ਤੋਂ ਜ਼ਿਆਦਾ ਕਾਰਨਾਂ ਕਰਕੇ ਹੋ ਸਕਦੀ ਹੈ । ਫੁੱਲ ਡੋਡੀ ਪੈਣ ਸਮੇਂ ਬਹੁਤ ਜ਼ਿਅਦਾ ਗਰਮੀ ਵੀ ਤਿੜਕ ਨੂੰ ਹੋਰ ਵਧਾਉਂਦੀ ਹੈ । ਕੱਚੇ ਟੀਂਡੇ ਖੁੱਲਣ ਨਾਲ ਵੜੇਵੇਂ ਅਤੇ ਰੇਸ਼ੇ ਦਾ ਪੂਰਾ ਵਿਕਾਸ ਨਹੀਂ ਹੁੰਦਾ ਅਤੇ ਕੌਡੀਆਂ ਬਣ ਜਾਂਦੇ ਹਨ । ਇਸ ਕਾਰਨ ਨਰਮੇ ਦੀ ਕੁਆਲਟੀ ਤੇ ਮਾੜਾ ਅਸਰ ਹੁੰਦਾ ਹੈ ।

**ਉਪਾਅ** : ਤਿੜਕ ਤੋਂ ਬਚਾਅ ਲਈ ਖਾਦਾਂ ਦੀ ਸੁਚੱਜੀ ਵਰਤੋਂ, ਸਮੇਂ ਸਿਰ ਸਿੰਚਾਈ ਅਤੇ ਪੌਦ ਸੁਰੱਖਿਆ ਦੀਆਂ ਸਿਫਾਰਿਸ਼ਾਂ ਕੀਤੀਆਂ ਹਨ ਰਸਾਇਣਾਂ ਦੀ ਵਰਤੋਂ ਕਰਕੇ ਤਿੜਕ ਦੇ ਹਮਲੇ ਨੂੰ ਘੱਟ ਕਰ ਸਕਦੀਆਂ ਹਨ । ਬਿਜਾਈ ਭਾਰੀ ਰੌਣੀ ਤੋਂ ਬਾਅਦ ਅਤੇ ਸਮੇਂ ਸਿਰ ਸਿੰਚਾਈ ਤਿੜਕ ਦੇ ਹਮਲੇ ਨੂੰ ਘੱਟ ਕਰਨ ਵਿਚ ਸਹਾਈ ਹੁੰਦਾ ਹੈ ।

---



# ਆਓ ! ਪੌਦੇ ਲਗਾਈਏ

ਰਣਬੀਰ ਸੂਦ
ਮੋ. 97805-53839

ਰਾਜ ਦੇ ਹਰ ਸ਼ਹਿਰ, ਪਿੰਡ ਵਿਚ ਸਰਕਾਰੀ ਜ਼ਮੀਨਾਂ ਦੀ ਬਹੁਤਾਤ ਹੈ । ਸਕੂਲਾਂ, ਕਾਲਜਾਂ ਸਮੇਤ ਹਰ ਸਰਕਾਰੀ ਅਦਾਰੇ ਵਿਚ ਬੂਟੇ ਲਗਾਉਣ ਦੀ ਜਗ੍ਹਾ ਲਗਭਗ ਮੌਜੂਦ ਹੁੰਦੀ ਹੈ । ਪੌਦੇ ਲਗਾਉਣ ਅਤੇ ਉਨ੍ਹਾਂ ਨੂੰ ਪਾਲਣ ਲਈ ਸਟਾਫ ਵੀ ਮੌਜੂਦ ਹੁੰਦਾ ਹੈ । ਚਾਹੀਦਾ ਤਾਂ ਇਹ ਹੈ ਕਿ ਸਮੂਹ ਸ਼ਹਿਰ/ਪਿੰਡਾਂ ਦਾ ਸਰਵੇ ਕੀਤਾ ਜਾਵੇ ਪੌਦੇ ਲੱਗਣ ਯੋਗ ਜਗ੍ਹਾ ਦੀ ਨਿਸ਼ਾਨਦੇਹੀ ਕੀਤੀ ਜਾਵੇ । ਉਨ੍ਹਾਂ ਵਿਚ ਲੱਗਣ ਵਾਲੇ ਦਰੱਖਤਾਂ ਦੀ ਗਿਣਤੀ ਤੈਅ ਕੀਤੀ ਜਾਵੇ ਅਤੇ ਪੌਦੇ ਲਗਾਉਣ, ਪਾਲਣ ਕਰਨ ਦੀ ਜ਼ਿੰਮੇਵਾਰੀ ਉਸ ਅਦਾਰੇ ਨੂੰ ਦਿੱਤੀ ਜਾਵੇ । ਵਿਦਿਅਕ ਅਦਾਰਿਆਂ ਵਿਚ ਇਹ ਕੰਮ ਵਿਦਿਆਰਥੀ ਬਾਖੂਬੀ ਕਰ ਸਕਦੇ ਹਨ ।

ਸੜਕਾਂ ਦੇ ਕੰਡੇ ਲਾਗੇ ਦੀ ਜ਼ਮੀਨ ਬੇਜ਼ਮੀਨੇ ਕਾਸ਼ਤਕਾਰਾਂ ਨੂੰ ਅਲਾਟ ਕੀਤੀ ਜਾਵੇ । ਉਨ੍ਹਾਂ ਨੂੰ ਇਸ ਵਾਸਤੇ ਮਾਣ-ਭੱਤਾ ਵੀ ਦਿੱਤਾ ਜਾਵੇ । ਜਿਵੇਂ ਕਿ ਹਿਮਾਚਲ ਸਰਕਾਰ ਵੱਲੋਂ ''ਵਣ-ਰਕਸ਼ਕਾਂ'' ਨੂੰ ਦਿੱਤਾ ਜਾਂਦਾ ਹੈ । ਇਹ ਕਾਸ਼ਤਕਾਰ ਜੰਗਲ ਲਗਾਉਣ ਅਤੇ ਉਸ ਦੀ ਦੇਖਭਾਲ ਆਪ ਕਰਨਗੇ । ਫਸਲਾਂ ਦੀ ਰਹਿੰਦ-ਖੂੰਹਦ ਨੂੰ ਲੱਗੀ ਅੱਗ ਤੋਂ ਪੌਦੇ ਬਚਾਉਣ ਦਾ ਉਪਰਾਲਾ ਵੀ ਕਰ ਲੈਣਗੇ । ਪਾਣੀ ਆਦਿ ਦੀ ਵਿਵਸਥਾ ਵੀ ਕਰ ਲੈਣਗੇ ।

ਸਰਕਾਰ ਆਪਣੇ ਵਸੀਲਿਆਂ ਰਾਹੀਂ ਇਨ੍ਹਾਂ ਦੀ ਪੂਰੀ ਮਦਦ ਕਰੇ । ਜਿੰਨ੍ਹਾ ਵਿਚ ਪਾਣੀ ਦੇ ਟੈਂਕਰ, ਜੇ ਸੀ ਬੀ ਆਦਿ ਮੁਹੱਈਆ ਕਰਵਾਏ ਜਾਣ । ਵਿਰਾਸਤੀ ਰੁੱਖਾਂ ਦੀ ਸਾਂਭ-ਸੰਭਾਲ ਕੀਤੀ ਜਾਵੇ । ਹਰਿਆਣਾ ਸਰਕਾਰ ਦੇ ਪੈਟਰਨ ਤੇ ਪੁਰਾਣੇ ਅਤੇ ਇਤਿਹਾਸਕ ਰੁੱਖਾਂ ਦੀ ਦੇਖਭਾਲ ਲਈ ਵੱਖਰਾ ਫੰਡ ਰੱਖਿਆ ਜਾਵੇ । ਨਿੱਜੀ ਥਾਂ 'ਤੇ ਲੱਗੇ ਦਰੱਖਤਾਂ ਨੂੰ ਵੀ ਕੱਟਣ 'ਤੇ ਪਾਬੰਦੀ ਹੋਵੇ । ਵਿਸ਼ੇਸ਼ ਕਾਰਨ ਤਹਿਤ ਸਰਕਾਰੀ ਪ੍ਰਵਾਨਗੀ ਅਧੀਨ ਹੀ ਕਟਾਈ ਕੀਤੀ ਜਾਵੇ । ਦਰੱਖਤਾਂ ਦੀ ਨਜਾਇਜ਼ ਕਟਾਈ ਨੂੰ ਅਪਰਾਧਿਕ ਸ਼੍ਰੇਣੀ ਵਿਚ ਲਿਆਂਦਾ ਜਾਵੇ । ਪਿੰਡਾਂ ਵਿਚ ਸ਼ਾਮਲਾਟ ਜ਼ਮੀਨਾਂ ਦਾ ਕੁੱਝ ਹਿੱਸਾ ਦਰੱਖਤਾਂ ਲਈ ਰਾਖਵਾਂ ਰੱਖਿਆ ਜਾਵੇ । ਨਹਿਰਾਂ ਦੀਆਂ ਪੱਟੜੀਆਂ ਤੋਂ ਸਬੰਧਿਤ ਵਿਭਾਗ ਵੱਲੋਂ ਜ਼ਰੂਰੀ ਤੌਰ 'ਤੇ ਦਰੱਖਤ ਲਗਾਏ ਜਾਣ । ਹਰ ਟਿਊਬਵੈਲ ਕੁਨੈਕਸ਼ਨ ਪਿੱਛੇ ਕੁਝ ਦਰੱਖਤ ਲਗਾਉਣੇ ਜ਼ਰੂਰੀ ਕੀਤੇ ਜਾਣ । ਸ਼ਹਿਰਾਂ ਵਿਚ ਇਹ ਕੰਮ ਨਗਰ ਕੌਂਸਲਾਂ ਅਧੀਨ ਕੀਤਾ ਜਾਵੇ । ਪੂਰੀ ਸ਼ਹਿਰਾਂ ਵਿਚ ਦਰੱਖਤ ਲਗਾਉਣ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇ । ਨਗਰ ਕੌਂਸਲਾਂ ਕੋਲ ਮੈਨਪਾਵਰ, ਵਾਰ ਟੈਂਕਰ ਅਤੇ ਹੋਰ ਮਸ਼ੀਨਰੀ ਉਪਲੱਬਧ ਹੁੰਦੀ ਹੈ । ਜਿਸ ਨਾਲ ਕੰਮ ਨੂੰ ਨੇਪਰੇ ਚਾੜ੍ਹਿਆ ਜਾ ਸਕਦਾ ਹੈ । ਲੋਕਾਂ ਨੂੰ ਜਾਗਰੂਕ ਕਰਨ ਲਈ ਪਿੰਡਾਂ, ਸ਼ਹਿਰਾਂ, ਸਕੂਲਾਂ ਵਿਚ ਸੈਮੀਨਾਰ ਲਗਾਏ ਜਾਣ । ਇਸ ਕੰਮ ਨੂੰ ਲੋਕ ਲਹਿਰ ਬਣਾਇਆ ਜਾਵੇ । ਸਮੂਹ ਧਾਰਮਿਕ, ਸਮਾਜਿਕ ਜਥੇਬੰਦੀਆਂ ਅਤੇ ਐਨ. ਜੀ. ਓਜ਼ ਨਾਲ ਸੰਪਰਕ ਕੀਤਾ ਜਾਵੇ । ਉਨ੍ਹਾਂ ਦੀ ਰਹਿਨੁਮਾਈ ਵਿਚ ਇਹ ਕਾਰਜ ਕੀਤਾ ਜਾਵੇ । ਇਸ ਦੇ ਨਤੀਜੇ ਬਹੁਤ ਹੀ ਸ਼ਲਾਘਾਯੋਗ ਹੋਣਗੇ । ਅੰਮ੍ਰਿਤਸਰ ਦੀ ਇੱਕ ਵਣ ਪ੍ਰੇਮੀ ਸੰਸਥਾ ਵੱਲੋਂ ਜੇ ਸੀ ਬੀ ਅਤੇ ਹਾਇਡਰਾਂ ਦੀ ਮਦਦ ਨਾਲ ਪੌਦੇ ਇੱਕ ਜਗ੍ਹਾਂ ਤੋਂ ਦੂਜੀ ਜਗ੍ਹਾ ਟਰਾਂਸਪਲਾਂਟ ਕੀਤੇ ਗਏ ਹਨ । ਹੁਣ ਤੱਕ ਇਹ ਸੰਸਥਾ 50 ਤੋਂ ਵੱਧ ਪਲੇ ਹੋਏ ਦਰੱਖਤਾਂ ਨੂੰ ਟਰਾਂਸਪਲਾਂਟ ਕਰ ਚੁੱਕੀ ਹੈ । ਸ਼ੋਸ਼ਲ ਮੀਡੀਆ ਵਿਚ ਆਮ ਹੀ ਵੇਖਣ ਨੂੰ ਮਿਲਦਾ ਹੈ ਕਿ ਬਾਹਰਲੇ ਮੁਲਕਾਂ ਵਿਚ ਕਿਸ ਤਰ੍ਹਾਂ ਮਸ਼ੀਨਾਂ ਨਾਲ ਦਰੱਖਤਾਂ ਨੂੰ ਆਪਣੀ ਮੂਲ ਜਗ੍ਹਾ ਤੋਂ ਦੂਰ-ਦੁਰਾਡੇ ਟਰਾਂਸਪਲਾਂਟ ਕੀਤਾ ਜਾਂਦਾ ਹੈ । ਇਸ ਤਰ੍ਹਾਂ ਦੀਆਂ ਮਸ਼ੀਨਾਂ ਸਰਕਾਰ ਵੱਲੋਂ ਸਬੰਧਿਤ ਅਦਾਰਿਆਂ ਨੂੰ ਦਿੱਤੀਆਂ ਜਾਣ ਤਾਂ ਜੋ ਸੜਕਾਂ ਬਣਾਉਣ ਵੇਲੇ ਦਰਖਤਾਂ ਦੀ ਕਟਾਈ ਨੂੰ ਰੋਕਿਆ ਜਾ ਸਕੇ । ਭਾਵੇਂ ਕਿ ਬਹੁਤ ਦੇਰ ਹੋ ਚੁੱਕੀ ਹੈ ਪਰ ਇਹ ਦੇਰ ਇੰਨੀ ਵੀ ਨਹੀਂ ਹੋਈ ਕਿ ਇਸਦਾ ਮੁਕਾਬਲਾ ਨਾ ਕੀਤਾ ਜਾ ਸਕੇ । ਲੋੜ ਹੈ ਤਾਂ ਸਿਰਫ ਪ੍ਰਬਲ ਇੱਛਾ ਸ਼ਕਤੀ ਦੀ । ਆਓ, ਇੱਕ ਵਾਰੀ ਹੰਭਲਾ ਮਾਰੀਏ ਅਤੇ ਹਰਿਆਵਲ ਦਾ ਇੱਕ ਜਾਲ ਵਿਛਾ ਦੇਈਏ ।

# ਮੱਕੀ ਦੀ ਫਸਲ ਨੂੰ ਫਾਲ ਆਰਮੀਵਰਮ ਦੇ ਹਮਲੇ ਤੋਂ ਬਚਾਉਣ ਲਈ ਸਰਵੇਖਣ ਕਰੋ

ਜਵਾਲਾ ਜਿੰਦਲ, ਇੰਦਰਪ੍ਰੀਤ ਕੌਰ ਬੋਪਾਰਾਏ ਅਤੇ ਪ੍ਰਭਜੋਤ ਕੌਰ (ਮੋ. 99884-01521)



**ਪੰਜਾਬ ਵਿਚ ਆਉਣ ਵਾਲੇ ਸਮੇਂ ਵਿਚ ਮੱਕੀ ਦੀ ਫਸਲ ਤੇ ਫਾਲ ਆਰਮੀਵਰਮ ਦਾ ਹਮਲਾ ਵੱਧ ਸਕਦਾ ਹੈ। ਇਸ ਕੀੜੇ ਦੀ ਜ਼ਿਆਦਾ ਵੱਧਣ-ਫੁੱਲਣ ਦੀ ਸਮਰੱਥਾ ਕਾਰਣ ਇਹ ਘੱਟ ਸਮੇਂ ਵਿਚ ਹੀ ਜ਼ਿਆਦਾ ਖੇਤਰ ਵਿਚ ਫੈਲ ਜਾਂਦਾ ਹੈ। ਕਿਸਾਨ ਵੀਰਾਂ ਨੂੰ ਸ਼ੁਰੂ ਤੋਂ ਹੀ ਖੇਤਾਂ ਦੀ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ ਅਤੇ ਹਮਲਾ ਦਿਸਦੇ ਹੀ ਤੁਰੰਤ ਰੋਕਥਾਮ ਕਰਨੀ ਚਾਹੀਦੀ ਹੈ।**

**ਸਰਵੇਖਣ ਦਾ ਢੰਗ :**

★ ਫਸਲ ਦਾ ਸਰਵੇਖਣ ਹਫਤੇ ਦੇ ਵਕਫੇ ਤੇ ਕਰਦੇ ਰਹਿਣਾ ਚਾਹੀਦਾ ਹੈ।

★ ਆਮ ਤੌਰ ਤੇ ਇਸ ਕੀੜੇ ਦਾ ਹਮਲਾ ਖੇਤਾਂ ਵਿਚ ਧੌੜੀਆਂ ਵਿਚ ਸ਼ੁਰੂ ਹੋ ਕੇ ਬਹੁਤ ਜਲਦੀ ਸਾਰੇ ਖੇਤ ਵਿਚ ਫੈਲ ਜਾਂਦਾ ਹੈ।

★ ਸਰਵੇਖਣ ਲਈ ਖੇਤ ਦੀਆਂ ਸਾਈਡਾਂ ਤੋਂ 4-5 ਕਤਾਰਾਂ ਛੱਡ ਕੇ "W" ਦੇ ਆਕਾਰ ਵਿਚ ਖੇਤ ਅੰਦਰ ਚੱਕਰ ਲਗਾਉਣਾ ਚਾਹੀਦਾ ਹੈ।

★ ਇੱਕ ਥਾਂ ਤੇ ਰੁੱਕ ਕੇ ਉਸ ਜਗ੍ਹਾਂ ਤੋਂ 20-20 ਪੌਦਿਆਂ ਨੂੰ ਚੰਗੀ ਤਰ੍ਹਾਂ ਪਰਖੋ ਅਤੇ ਹਮਲੇ ਵਾਲੇ ਪੌਦਿਆਂ ਦੀ ਗਿਣਤੀ ਕਰੋ।

**ਫਾਲ ਆਰਮੀਵਰਮ ਦੀ ਪਹਿਚਾਣ :**

★ ਫਾਲ ਆਰਮੀਵਰਮ ਦੀ ਸੁੰਡੀ ਦੀ ਪਛਾਣ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ "Y" ਦੇ ਪੁੱਠੇ ਨਿਸ਼ਾਨ ਸਿਰੇ ਵੱਲ ਚੋਰਸ ਆਕਾਰ ਵਿਚ ਬਣੇ ਚਾਰ ਬਿੰਦੂਆਂ ਤੋਂ ਹੋ ਜਾਂਦੀ ਹੈ।

★ ਇਸ ਦਾ ਪਿਊਪਾ ਲਾਲ ਭੂਰੇ ਰੰਗ ਦਾ ਹੁੰਦਾ ਹੈ ਅਤੇ ਆਮ ਤੌਰ ਤੇ ਜ਼ਮੀਨ ਅੰਦਰ ਹੁੰਦਾ ਹੈ।

★ ਨਰ ਪਤੰਗੇ ਦੇ ਅਗਲੇ ਖੰਭਾਂ ਦੇ ਮੱਧ ਵਿਚ ਇਕ ਹਲਕੇ ਭੂਰੇ ਰੰਗ ਦਾ ਧੱਬਾ ਅਤੇ ਸਿਰੇ ਤੇ ਚਿੱਟੇ ਰੰਗ ਦੀ ਪੱਟੀ ਹੁੰਦੀ ਹੈ।

★ ਇਸ ਕੀੜੇ ਦੇ ਵੱਧਣ ਫੁੱਲਣ ਵਿਚ ਮੌਸਮ ਵੀ ਇੱਕ ਪ੍ਰਮੁੱਖ ਭੂਮਿਕਾ ਹੈ।

★ ਇਸ ਕੀੜੇ ਦੇ ਤੀਜ਼ੇ ਨਾਲ ਵਿਕਾਸ ਲਈ ਔਸਤਨ 25-30 ਡਿਗਰੀ ਸੈਲਸੀਅਸ ਤਾਪਮਾਨ ਚਾਹੀਦਾ ਹੈ।

★ ਪੰਜਾਬ ਵਿਚ ਸਾਉਣੀ ਰੁੱਤ ਵਿੱਚ ਇਸ ਦਾ ਜ਼ਿਆਦਾ ਹਮਲਾ ਜੁਲਾਈ ਤੋਂ ਸਤੰਬਰ ਵਿਚ ਵੇਖਿਆ ਗਿਆ ਹੈ।

**ਮੱਕੀ ਦੇ ਨੁਕਸਾਨ ਦੇ ਲੱਛਣ :**



★ ਫਾਲ ਆਰਮੀਵਰਮ ਛੋਟੀ ਫਸਲ ਤੋਂ ਲੈ ਕੇ ਛੱਲੀ ਬਣਨ ਤੱਕ ਫਸਲ ਨੂੰ ਨੁਕਸਾਨ ਪਹੁੰਚਾਉਂਦਾ ਹੈ ਪਰ ਗੋਭ ਵਿਚ ਖਾਣਾ ਇਸ ਕੀੜੇ ਨੂੰ ਵਧੇਰੇ ਪਸੰਦ ਹੈ।

★ ਹਮਲੇ ਦੇ ਸ਼ੁਰੂਆਤ ਵਿਚ ਛੋਟੀਆਂ ਸੁੰਡੀਆਂ ਪੱਤੇ ਦੀ ਸਤਹਿ ਨੂੰ ਖੁਰਚ ਕੇ ਖਾਂਦੀਆਂ ਹਨ ਜਿਸ ਕਾਰਣ ਪੱਤਿਆਂ ਉੱਤੇ ਲੰਮੇ ਆਕਾਰ ਦੇ ਕਾਗਜ਼ੀ ਨਿਸ਼ਾਨ ਬਣ ਜਾਂਦੇ ਹਨ।

★ ਜਦੋਂ ਸੁੰਡੀਆਂ ਵੱਡੀਆਂ ਹੁੰਦੀਆਂ ਹਨ ਤਾਂ ਪੱਤਿਆਂ ਉੱਪਰ ਬੇਤਰਤੀਬੇ, ਗੋਲ ਜਾਂ ਅੰਡਾਕਾਰ ਮੋਰੀਆਂ ਬਣਾਉਂਦੀਆਂ ਹਨ।

★ ਇਨ੍ਹਾਂ ਮੋਰੀਆਂ ਦਾ ਆਕਾਰ ਸੁੰਡੀਆਂ ਦੇ ਵਿਕਾਸ ਨਾਲ ਵੱਧਦੀਆਂ ਜਾਂਦਾ ਹੈ।

★ ਵੱਡੀਆਂ ਸੁੰਡੀਆਂ ਗੋਭ ਦੇ ਪੱਤਿਆਂ ਨੂੰ ਬੁਰੀ ਤਰ੍ਹਾਂ ਖਾ ਕੇ, ਇਨ੍ਹਾਂ ਗੋਭਾਂ ਵਿਚ ਭਾਰੀ ਮਾਤਰਾ ਵਿਚ ਵਿੱਠਾਂ ਦਿੰਦੀਆਂ ਹਨ।

★ ਦਿਨ ਦੇ ਸਮੇਂ ਸੁੰਡੀਆਂ ਗੋਭ ਵਿਚ ਲੁਕ ਜਾਂਦੀਆਂ ਹਨ।

**ਰੋਕਥਾਮ :** ਇਸ ਕੀੜੇ ਦੀ ਰੋਕਥਾਮ ਲਈ ਖੇਤ ਵਿਚ ਸੁੰਡੀਆਂ ਨਜ਼ਰ ਆਉਂਦੇ ਸਾਰ ਹੀ ਉਪਰਾਲੇ ਕਰਨੇ ਚਾਹੀਦੇ ਹਨ। ਇਸ ਮੰਤਵ ਦੀ ਪੂਰਤੀ ਲਈ ਪੀ.ਏ.ਯੂ. ਵੱਲੋਂ ਸਿਫਾਰਸ਼ ਕੀਤੇ ਕਾਸ਼ਤਕਾਰੀ ਉਪਰਾਲੇ ਅਪਨਾਓ ਅਤੇ ਸਿਫਾਰਸ਼ ਕੀਤੇ ਕੀਟਨਾਸ਼ਕਾਂ ਦੀ ਹੀ ਵਰਤੋਂ ਕਰੋ। ਬੈਲੀਲਸ ਥੁਰੀਨਜਿਐਨਸਿਸ (ਬੀ.ਟੀ.) ਆਧਾਰਿਤ ਜੈਵਿਕ ਕੀਟਨਾਸ਼ਕਾਂ ਦੀ ਵਰਤੋਂ ਨੂੰ ਤਰਜੀਹ ਦਿਓ।

ਕਿਸਾਨਾਂ ਨੂੰ ਇਸ ਕੀੜੇ ਦੇ ਹਮਲੇ ਤੋਂ ਘਬਰਾਉਣ ਦੀ ਲੋੜ ਨਹੀਂ ਕਿਉਕਿ ਸਮੇਂ ਸਿਰ ਅਤੇ ਵਿਆਪਕ ਪੱਧਰ ਤੇ ਉਪਰਾਲੇ ਕਰਨ ਨਾਲ ਫਸਲ ਦਾ ਨੁਕਸਾਨ ਘਟਾਇਆ ਜਾ ਸਕਦਾ ਹੈ।

# ਇੰਗਲੈਂਡ ਤੋਂ ਆ ਕੇ ਸ਼ੁਰੂ ਕੀਤੀ ਜੈਵਿਕ ਖੇਤੀ

ਗੁਰਦਾਸਪੁਰ ਦੇ ਪਿੰਡ ਕੱਲੂ ਸੋਹਲ ਦਾ ਕਿਸਾਨ ਸੁਖਵਿੰਦਰ ਪਾਲ ਸਿੰਘ ਬਾਕੀ ਕਿਸਾਨਾਂ ਤੋਂ ਵੱਖਰੇ ਢੰਗ ਤਰੀਕੇ ਨਾਲ ਕਿਸਾਨੀ ਧੰਦੇ ਕਰ ਰਿਹਾ ਹੈ। ਸੁਖਵਿੰਦਰ ਪਾਲ ਸਿੰਘ ਇੰਗਲੈਂਡ 'ਚ ਪੰਜ ਸਾਲ ਰਿਹਾ ਹੈ ਅਤੇ ਵਾਪਸ ਪੰਜਾਬ ਪਰਤ ਤੇ ਉਸ ਵੱਲੋਂ ਜੈਵਿਕ ਖੇਤੀ ਕੀਤੀ ਜਾ ਰਹੀ ਹੈ।

ਉਹ ਜੈਵਿਕ ਤਰੀਕੇ ਨਾਲ ਫਸਲਾਂ ਦੀ ਖੇਤੀ ਕਰਦਾ ਹੈ ਅਤੇ ਨਾਲ ਹੀ ਫਸਲਾਂ ਨੂੰ ਪ੍ਰੋਸੈਸ ਕਰਕੇ ਖੁਦ ਹੀ ਮਾਰਕੀਟਿੰਗ ਕਰ ਰਿਹਾ ਹੈ ਅਤੇ ਖੇਤੀ ਤੋਂ ਚੰਗਾ ਮੁਨਾਫਾ ਕਮਾ ਰਿਹਾ ਹੈ। ਕਿਸਾਨ ਸੁਖਵਿੰਦਰ ਪਾਲ ਸਿੰਘ ਦਾ ਕਹਿਣਾ ਹੈ ਕਿ ਉਸ ਨੇ 5 ਸਾਲ ਇੰਗਲੈਂਡ 'ਚ ਕੰਮ ਕੀਤਾ ਹੈ ਅਤੇ ਹੁਣ ਇੱਥੇ ਪੰਜਾਬ 'ਚ ਹੀ ਰਹਿ ਕੇ ਖੇਤੀ ਕਰਨ ਦਾ ਮਨ ਬਣਾਇਆ ਹੈ।

ਕਿਸਾਨ ਸੁਖਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਹ ਜੈਵਿਕ ਖੇਤੀ ਕਰ ਰਿਹਾ ਹੈ ਅਤੇ ਇਹ ਖੇਤੀ ਉਸ ਨੇ ਕਰੀਬ 4 ਸਾਲ ਪਹਿਲਾਂ ਸ਼ੁਰੂ ਕੀਤੀ ਸੀ।

ਉਨ੍ਹਾਂ ਨੇ ਦੱਸਿਆ ਕਿ 2008 'ਚ ਉਹ ਇੰਗਲੈਂਡ ਤੋਂ ਵਾਪਸ ਪਰਤਿਆ ਸੀ ਅਤੇ ਉਸ ਤੋਂ ਬਾਅਦ ਇੱਥੇ ਪੰਜਾਬ ਰਹਿ ਕੇ ਹੀ ਉਸ ਤੋਂ ਬਾਅਦ ਇੱਥੇ ਪੰਜਾਬ ਰਹਿ ਕੇ ਹੀ ਉਸ ਨੇ ਖੇਤੀਬਾੜੀ 'ਚ ਨਵੀਨਤਾ ਲਿਆਉਣ ਦਾ ਮਨ ਬਣਾਇਆ। ਉਸ ਨੇ ਦੱਸਿਆ ਕਿ ਜੈਵਿਕ ਖੇਤੀ ਦਾ ਰਕਬਾ ਵਧਾ ਲਿਆ ਅਤੇ ਹੁਣ 5 ਏਕੜ ਦੇ ਕਰੀਬ ਆਰਗੈਨਿਕ ਕਣਕ, ਸਰੋਂ, ਹਲਦੀ ਦੀ ਉਹ ਖੁਦ ਬਿਜਾਈ ਕਰਦਾ ਹੈ ਅਤੇ ਖੇਤੀਬਾੜੀ ਵਿਭਾਗ ਤੋਂ ਮਿਲੀ ਸਲਾਹ ਨਾਲ ਉਸ ਨੇ ਆਪਣਾ ਕੋਹਲੂ ਅਤੇ ਆਟਾ ਚੱਕੀ ਵੀ ਲਗਾਈ ਹੋਈ ਹੈ। ਸੁਖਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਹ ਤੇਲ ਵਾਲੇ ਬੀਜਾਂ ਦੀ ਖੇਤੀ ਵੀ ਕਰਦਾ ਹੈ ਅਤੇ ਆਪਣੀਆਂ ਬੀਜੀਆਂ ਹੋਈਆਂ ਜਿਣਸਾਂ ਨੂੰ ਮੰਡੀ 'ਚ ਨਹੀਂ ਵੇਚਦਾ, ਬਲਕਿ ਉਸ ਨੂੰ ਆਪਣੇ ਬਣਾਏ ਹੋਏ ਗੁਦਾਮ 'ਚ ਸਟੋਰ ਕਰ ਕੇ ਫਸਲਾਂ ਦੀ ਪ੍ਰੋਸੈਸਿੰਗ ਕਰਕੇ ਖੁਦ ਮਾਰਕੀਟਿੰਗ ਕਰਦਾ ਹੈ। ਉਸ ਨੇ ਦੱਸਿਆ ਕਿ ਆਪਣੀ ਆਟਾ ਚੱਕੀ ਤੇ ਆਟਾ ਅਤੇ ਲੱਕੜ ਦੇ ਕੋਹਲੂ ਤੋਂ ਸਰ੍ਹੋਂ ਦਾ ਤੇਲ ਕੱਢ ਕੇ ਵੇਚ ਰਿਹਾ ਹੈ।

ਉਸ ਨੇ ਦੱਸਿਆ ਕਿ ਪਹਿਲਾਂ ਉਸ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਪਰ ਖੇਤੀਬਾੜੀ ਦੇ ਉੱਚ ਅਧਿਕਾਰੀਆਂ ਅਤੇ ਯੂਟਿਊਬ ਤੋਂ ਸਿੱਖ ਕੇ ਉਹ ਹੁਣ ਆਪਣੇ ਕਿੱਤੇ 'ਚ ਕਾਮਯਾਬ ਹੋ ਗਿਆ ਹੈ। ਉਸ ਨੇ ਦੱਸਿਆ ਕਿ ਉਸ ਵੱਲੋਂ ਤਿਆਰ ਮਲਟੀਗਰੇਨ ਆਟੇ ਦੀ ਬਹੁਤ ਮੰਗ ਹੈ ਅਤੇ ਲੋਕ ਉਸਦਾ ਸਮਾਨ ਖੁਦ ਹੀ ਇੱਥੇ ਆਣ ਕੇ ਲੈ ਜਾਂਦੇ ਹਨ। ਉਸਨੇ ਦੱਸਿਆ ਕਿ ਮਲਟੀਗਰੇਨ ਆਟਾ ਅਤੇ ਸਾਦਾ ਚੱਕੀ ਦਾ ਆਟਾ ਉਹ ਤਿਆਰ ਕਰਕੇ ਵੇਚ ਰਿਹਾ ਹੈ। ਉਸਨੇ ਦੱਸਿਆ ਕਿ ਉਸਦਾ ਅਗਲਾ ਟੀਚਾ ''ਫਾਰਮਰ ਪ੍ਰੋਡੂਸਰ ਕੰਪਨੀ'' ਦੀ ਸ਼ੁਰੂਆਤ ਕਰਨਾ ਹੈ ਅਤੇ ਇਸ ਲਈ ਉਹ ਹੋਰਨਾਂ ਕਿਸਾਨਾਂ ਨੂੰ ਆਪਣੇ ਨਾਲ ਜੋੜ ਰਹੇ ਹਨ।

**ਸੁਖਦੇਵ ਸਿੰਘ, ਬਟਾਲਾ**



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 30
ਮਿਤੀ 27-07-2024

ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ



ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਸਾਉਣੀ ਰੁੱਤ ਦੀਆਂ ਸਬਜ਼ੀਆਂ ਦੀਆਂ ਸਿਫਾਰਸ਼ ਕਿਸਮਾਂ ਅਤੇ ਬਿਜਾਈ ਦਾ ਤਰੀਕਾ

ਰਵਿੰਦਰ ਕੌਰ ਅਤੇ ਮਨਦੀਪ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ (ਮੋ. 94630-66782)

**ਹਲਵਾ ਕੱਦੂ**

**ਪੰਜਾਬ ਨਵਾਬ** : ਇਸ ਕਿਸਮ ਦੀ ਵੇਲ ਦਾ ਵਾਧਾ ਦਰਮਿਆਨਾ ਅਤੇ ਪੱਤਿਆਂ ਦਾ ਰੰਗ ਗੂੜ੍ਹਾ ਹਰਾ ਹੁੰਦਾ ਹੈ । ਇਸ ਦਾ ਫਲ ਦਰਮਿਆਨਾ, ਚਪਟਾ ਗੋਲ, ਚਿਤਰਾ ਅਤੇ ਪੱਕਣ ਉਪਰੰਤ ਪੀਲੇ ਭੂਰੇ ਰੰਗ ਦਾ ਹੁੰਦਾ ਹੈ ਇਸ ਕਿਸਮ ਵਿਚ ਵਿਸ਼ਾਣੂੰ ਰੋਗ ਦਾ ਟਾਕਰਾ ਕਰਨ ਲਈ ਸਹਿਣਸ਼ੀਲਤਾ ਹੈ । ਇਸ ਦਾ ਬਰਸਾਤ ਰੁੱਤ ਵਿਚ ਔਸਤ ਝਾੜ 137 ਕੁਇੰਟਲ ਪ੍ਰਤੀ ਏਕੜ ਹੈ । ਇਸ ਕਿਸਮ ਦਾ ਫਲ ਜਦੋਂ ਬਾਹਰੋਂ ਪੀਲਾ-ਭੂਰਾ ਹੋਵੇ, ਤੁੜਾਈ ਯੋਗ ਹੋ ਜਾਂਦਾ ਹੈ ।



**ਬਿਜਾਈ ਦਾ ਸਮਾਂ, ਬੀਜ ਦੀ ਮਾਤਰਾ ਅਤੇ ਬਿਜਾਈ ਦਾ ਤਰੀਕਾ** : ਜੂਨ-ਜੁਲਾਈ ਦੀ ਬਿਜਾਈ ਵਾਸਤੇ 1.0-1.5 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ । ਇਸ ਕਿਸਮ ਦੀ ਬਿਜਾਈ ਲਈ 2.0-2.5 ਮੀਟਰ ਚੌੜੀਆਂ ਪਟੜੀਆਂ ਬਣਾਉ ਅਤੇ ਬੀਜ ਤੋਂ ਬੀਜ ਫਾਸਲਾ 60 ਸੈ. ਮੀ. ਰੱਖ ਕੇ ਪਟੜੀਆਂ ਦੇ ਦੋਵੇਂ ਪਾਸੇ ਬਿਜਾਈ ਕਰੋ ।

**ਟਮਾਟਰ**

**ਪੰਜਾਬ ਵਰਖਾ ਬਹਾਰ 4** : ਟਮਾਟਰ ਦੀ ਇਸ ਕਿਸਮ ਦੇ ਬੂਟੇ ਮੱਧਰੇ ਅਤੇ ਪਤਰਾਲ ਸੰਘਣਾ ਹੁੰਦਾ ਹੈ । ਇਸ ਦੇ ਫਲ ਗੋਲ, ਸਖਤ ਅਤੇ ਗੂੜ੍ਹੇ ਲਾਲ ਰੰਗ ਦੇ ਹੁੰਦੇ ਹਨ । ਜਿਸ ਦਾ ਔਸਤ ਭਾਰ 90 ਗ੍ਰਾਮ ਹੁੰਦਾ ਹੈ । ਇਸ ਕਿਸਮ ਦੀ ਫਸਲ 88 ਦਿਨਾਂ ਵਿਚ ਪਹਿਲੀ ਤੁੜਾਈ ਲਈ ਤਿਆਰ ਹੋ ਜਾਂਦੀ ਹੈ । ਇਹ ਕਿਸਮ ਵਿਸ਼ਾਣੂੰ ਰੋਗ ਜਿਵੇਂ ਪੱਤਾ ਲਪੇਟ ਵਾਇਰਸ ਦਾ ਟਾਕਰਾ ਕਰ ਸਕਦੀ ਹੈ । ਜਿਸ ਕਰਕੇ ਇਹ ਕਿਸਮ ਬਰਸਾਤ ਰੁੱਤ ਵਿਚ ਕਾਸ਼ਤ ਕਰਨ ਲਈ ਢੁੱਕਵੀਂ ਮੰਨੀ ਜਾਂਦੀ ਹੈ । ਇਸ ਦਾ ਔਸਤ ਝਾੜ 245 ਕੁਇੰਟਲ ਪ੍ਰਤੀ ਏਕੜ ਹੈ ।

**ਪੰਜਾਬ ਵਰਖਾ ਬਹਾਰ 1** : ਇਸ ਕਿਸਮ ਦੇ ਬੂਟੇ ਮੱਧਰੇ, ਪਤਰਾਲ ਸੰਘਣਾ ਅਤੇ ਗੂੜੇ ਹਰੇ ਰੰਗ ਦੇ ਹੁੰਦੇ ਹਨ । ਇਸ ਦੇ ਫਲ ਗੋਲ ਅਤੇ ਦਰਮਿਆਨੇ ਸਖਤ ਹੁੰਦੇ ਹਨ । ਇਸ ਕਿਸਮ ਦੀ ਫਸਲ 90 ਦਿਨਾਂ ਵਿਚ ਪਹਿਲੀ ਤੁੜਾਈ ਲਈ ਤਿਆਰ ਹੋ ਜਾਂਦੀ ਹੈ । ਇਹ ਕਿਸਮ ਕਾਫੀ ਹੱਦ ਤੱਕ ਵਿਸ਼ਾਣੂੰ ਰੋਗ ਜਿਵੇਂ ਪੱਤਾ ਲਪੇਟ ਵਾਇਰਸ ਦਾ ਟਾਕਰਾ ਕਰ ਸਕਦੀ ਹੈ, ਜਿਸ ਕਰਕੇ ਇਹ ਕਿਸਮ ਬਰਸਾਤ ਰੁੱਤ ਵਿਚ ਕਾਸ਼ਤ ਕਰਨ ਲਈ ਢੁੱਕਵੀਂ ਹੈ । ਇਸ ਦੀ ਔਸਤ ਪੈਦਾਵਾਰ 215 ਕੁਇੰਟਲ ਪ੍ਰਤੀ ਏਕੜ ਹੁੰਦੀ ਹੈ ।

**ਪੰਜਾਬ ਵਰਖਾ ਬਹਾਰ 2** : ਇਸ ਕਿਸਮ ਦੇ ਬੂਟੇ ਅੱਧ ਮੱਧਰੇ, ਪਤਰਾਲ ਸੰਘਣਾ ਅਤੇ ਹਲਕੇ ਰੰਗ ਦੇ ਹੁੰਦੇ ਹਨ । ਇਸ ਦੇ ਫਲ ਗੋਲ ਅਤੇ ਦਰਮਿਆਨੇ ਸਖਤ ਹੁੰਦੇ ਹਨ । ਇਸ ਕਿਸਮ ਦੀ ਫਸਲ 100 ਦਿਨਾਂ ਵਿਚ ਪਹਿਲੀ ਤੁੜਾਈ ਲਈ ਤਿਆਰ ਹੋ ਜਾਂਦੀ ਹੈ । ਇਹ ਕਿਸਮ ਕਾਫੀ ਹੱਦ ਤੱਕ ਵਿਸ਼ਾਣੂੰ ਰੋਗ ਜਿਵੇਂ ਪੱਤਾ ਲਪੇਟ ਵਾਇਰਸ ਦਾ ਟਾਕਰਾ ਕਰ ਸਕਦੀ ਹੈ, ਜਿਸ ਕਰਕੇ ਇਹ ਕਿਸਮ ਬਰਸਾਤ ਰੁੱਤ ਵਿਚ ਕਾਸ਼ਤ ਕਰਨ ਲਈ ਢੁੱਕਵੀਂ ਹੈ । ਇਸ ਦੀ ਔਸਤ ਪੈਦਾਵਾਰ 216 ਕੁਇੰਟਲ ਪ੍ਰਤੀ ਏਕੜ ਹੁੰਦੀ ਹੈ ।

**ਬਿਜਾਈ ਦਾ ਸਮਾਂ, ਬੀਜ ਦੀ ਮਾਤਰਾ ਅਤੇ ਬਿਜਾਈ ਦਾ ਤਰੀਕਾ** : ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ 100 ਗ੍ਰਾਮ ਬੀਜ ਕਾਫੀ ਹੈ । ਦੋ ਮਰਲੇ (50 ਵਰਗ ਮੀਟਰ) ਥਾਂ ਦੀ ਪਨੀਰੀ ਇਕ ਏਕੜ ਲਈ ਕਾਫੀ ਹੁੰਦੀ ਹੈ । ਜੁਲਾਈ ਦੇ ਦੂਜੇ ਪੰਦਰਵਾੜ੍ਹੇ ਵਿਚ ਬੀਜੀ ਪਨੀਰੀ ਅਗਸਤ ਦੇ ਦੂਜੇ ਪੰਦਰਵਾੜੇ ਵਿਚ ਖੇਤ ਵਿਚ ਲਾ ਦਿਉ ।

# ਸਦਾਬਹਾਰ ਫਲਦਾਰ ਪੌਦੇ ਲਗਾਉਣ ਲਈ ਮੌਨਸੂਨ ਦਾ ਇਹ ਸਮਾਂ ਢੁੱਕਵਾਂ

ਵਧਦੀ ਗਰਮੀ ਦਾ ਅਸਰ ਨਾ ਕੇਵਲ ਇਨਸਾਨਾਂ 'ਤੇ ਪੈਂਦਾ ਹੈ, ਬਲਕਿ ਪੇੜ-ਪੌਦਿਆਂ ਅਤੇ ਮੌਸਮੀ ਸਬਜ਼ੀਆਂ 'ਤੇ ਵੀ ਦੇਖਣ ਨੂੰ ਮਿਲਦਾ ਹੈ । ਸਾਂਭ-ਸੰਭਾਲ ਨਾ ਹੋਣ ਕਾਰਨ ਪੇੜ-ਪੌਦੇ ਅਤੇ ਸਬਜ਼ੀਆਂ ਬਿਮਾਰੀਆਂ ਦੀ ਲਪੇਟ ਵਿੱਚ ਆ ਜਾਂਦੀਆਂ ਹਨ । ਮੌਨਸੂਨ ਨੇ ਪੂਰੇ ਦੇਸ਼ ਵਿੱਚ ਦਸਤਕ ਦੇ ਦਿੱਤੀ ਹੈ । ਜਿਸ ਕਾਰਨ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ ਹੈ । ਖੇਤੀ ਮਾਹਿਰਾਂ ਅਨੁਸਾਰ ਇਹ ਮੌਸਮ ਵਨਸਪਤੀ ਦੇ ਲਈ ਘਿਓ ਦਾ ਕੰਮ ਕਰਦਾ ਹੈ, ਕਿਉਂਕਿ ਗਰਮੀ ਤੋਂ ਬਾਅਦ ਬਾਰਿਸ਼ ਦੇ ਕਾਰਨ ਬਨਸਪਤੀ ਵਿੱਚ ਨਵੀਂ ਜਾਨ ਆ ਜਾਂਦੀ ਹੈ । ਇਹ ਮੌਸਮ ਫਲਦਾਰ ਪੌਦੇ ਲਗਾਉਣ ਲਈ ਸਭ ਤੋਂ ਵਧੀਆ ਹੈ ।

ਡਿਪਟੀ ਡਾਇਰੈਕਟਰ ਬਾਗਬਾਨੀ ਡਾ. ਨਿਰਵੰਤ ਸਿੰਘ ਦਾ ਕਹਿਣਾ ਹੈ ਕਿ ਇਸ ਮੌਸਮ ਵਿੱਚ ਸਦਾਬਹਾਰ ਫਲਦਾਰ ਪੌਦੇ ਜਿਵੇਂ ਨਿੰਬੂ, ਅੰਬ, ਅਮਰੂਦ, ਚੀਕੂ, ਕੇਲਾ, ਬੇਰ ਅਤੇ ਪਪੀਤਾ ਲਗਾਏ ਜਾ ਸਕਦੇ ਹਨ । ਘਰੇਲੂ ਬਗੀਚੀ ਵਿੱਚ ਵੀ ਕੁਝ ਕਿਸਮ ਦੀਆਂ ਸਬਜ਼ੀਆਂ ਲਗਾਈਆਂ ਜਾ ਸਕਦੀਆਂ ਹਨ । ਪੌਦਾ ਲਗਾਉਣ ਤੋਂ ਪਹਿਲਾਂ ਬਾਗਬਾਨੀ ਵਿਭਾਗ ਦੇ ਬਲਾਕ ਅਤੇ ਜ਼ਿਲ੍ਹਾ ਪੱਧਰੀ ਦਫਤਰ ਨਾਲ ਸੰਪਰਕ ਜ਼ਰੂਰ ਕਰਨਾ ਚਾਹੀਦਾ ਹੈ ਤਾਂਕਿ ਮਿੱਟੀ-ਪਾਣੀ ਦੇ ਹਿਸਾਬ ਨਾਲ ਬਾਗ ਦੀ ਚੋਣ ਕੀਤੀ ਜਾ ਸਕੇ । ਪੌਦੇ ਸਹੀ ਵਿੱਥ 'ਤੇ ਲਗਾਏ ਜਾ ਸਕਣ । ਬਰਸਾਤ ਨੂੰ ਦੇਖਦੇ ਹੋਏ ਬਾਗ ਵਿੱਚ ਪਾਣੀ ਦੀ ਨਿਕਾਸੀ ਦਾ ਉਚਿੱਤ ਪ੍ਰਬੰਧ ਕਰਨਾ ਚਾਹੀਦਾ ਹੈ ਤਾਂਕਿ ਪੌਦਿਆਂ ਨੂੰ ਨੁਕਸਾਨ ਤੋਂ ਬਚਾਇਆ ਜਾ ਸਕੇ । ਉਨ੍ਹਾਂ ਐਡਵਾਇਜ਼ਰੀ ਜਾਰੀ ਕਰਦੇ ਹੋਏ ਕਿਹਾ ਕਿ ਫਲਦਾਰ ਪੌਦਿਆਂ ਨੂੰ ਯੋਜਨਾ ਦੇ ਅਨੁਸਾਰ ਹੀ ਲਗਾਉਣਾ ਚਾਹੀਦਾ ਹੈ । ਵਧੀਆ ਕਿਸਮ ਅਤੇ ਮਾਨਤਾ ਪ੍ਰਾਪਤ ਜਗ੍ਹਾਂ ਤੋਂ ਹੀ ਪੌਦੇ ਲੈਣੇ ਚਾਹੀਦੇ ਹਨ । ਦੋ-ਤਿੰਨ ਫੁੱਟ ਡੂੰਘਾ ਟੋਇਆ ਪੁੱਟ ਕੇ ਅੱਧੀ ਉਪਜਾਊ ਮਿੱਟੀ ਅਤੇ ਅੱਧੀ ਦੇਸੀ ਖਾਦ ਟੋਏ ਵਿੱਚ ਭਰ ਕੇ ਰੱਖ ਦਿਓ । ਇੱਕ-ਦੋ ਬਾਰਿਸ਼ ਹੋਣ ਤੋਂ ਬਾਅਦ ਅਤੇ ਮਿੱਟੀ ਪਾ ਕੇ ਸਿਉਂਕ ਤੋਂ ਬਚਾਅ ਲਈ 15 ਮਿਲੀਲੀਟਰ ਕਲੋਰੋਪਾਈਰੀਫਾਸ ਦਵਾਈ ਪਾ ਕੇ ਪੌਦਾ ਲਗਾ ਦਿਉ । ਨਵੇਂ ਪੌਦਿਆਂ ਨੂੰ ਸਿੱਧਾ ਰੱਖਣ ਲਈ ਲੱਕੜ ਦਾ ਸਹਾਰਾ ਲਿਆ ਜਾ ਸਕਦਾ ਹੈ । ਪੌਦਿਆਂ ਦੇ ਤਣੇ 'ਤੇ ਚੂਨੇ ਦੀ ਕਲੀ ਜ਼ਰੂਰ ਕਰ ਦਿਉ ।



ਅਮਰੂਦ ਦੇ ਫਲ ਨੂੰ ਮੱਖੀ ਤੋਂ ਬਚਾਉਣ ਲਈ ਪ੍ਰਤੀ ਏਕੜ 16 ਪੀ. ਏ. ਯੂ. ਫਰੂਟ ਫਲਾਈ ਟਰੈਪ 15 ਜੁਲਾਈ ਤੋਂ ਪਹਿਲਾਂ ਲਗਾ ਦੇਣਾ ਚਾਹੀਦਾ ਹੈ । ਨਿੰਬੂ ਦੇ ਫਲ ਨੂੰ ਬਿਮਾਰੀ ਤੋਂ ਬਚਾਉਣ ਲਈ 3 ਗ੍ਰਾਮ ਕਾਪਰ ਆਕਸੀਕਲੋਰਾਈਟ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ । ਕੀੜੇ ਦੀ ਰੋਕਥਾਮ ਲਈ 2.5 ਮਿਲੀਲੀਟਰ ਰੋਗੋਰ ਜਾਂ 0.4 ਮਿਲੀਲੀਟਰ ਕਰੋਕੋਡਾਈਲ / ਕੋਨਫੀਡੋਰ 17.8 ਐਸ. ਐਲ. ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ । ਕਿੰਨੂ ਵਿੱਚ ਵਧੀਆ ਝਾੜ ਲਈ 1 ਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ ਦਾ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ । ਅੰਗੂਰ ਦੇ ਪੌਦੇ ਨੂੰ ਕੋਹੜ ਤੋਂ ਬਚਾਉਣ ਲਈ 1 ਮਿਲੀਲੀਟਰ ਸਕੋਰ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ । ਫਿਲਹਾਲ ਸਬਜ਼ੀਆਂ ਦੀ ਖੇਤੀ ਕਰਨ ਲਈ ਇਹ ਮੌਸਮ ਅਨੁਕੂਲ ਨਹੀਂ ਹੈ । ਪਰੰਤੂ ਘਰੇਲੂ ਬਗੀਚੀ ਲਈ ਘੀਆ ਕੱਦੂ, ਘੀਆ ਤੋਰੀ, ਕਰੇਲਾ ਅਤੇ ਟਿੰਡੇ ਦੀ ਕਾਸ਼ਤ ਕੀਤੀ ਜਾ ਸਕਦੀ ਹੈ । ਫੁੱਲ ਗੋਭੀ ਦੀ ਐਡਵਾਂਸ ਕਿਸਮ ਦੀ ਪਨੀਰੀ 45 ਗੁਣਾ 30 ਸੈਂਟੀਮੀਟਰ ਦੀ ਦੂਰੀ 'ਤੇ ਲਗਾਓ ।

# ਕੁਦਰਤ ਤੇ ਕਿਸਾਨ


**ਹਰਜਿੰਦਰ ਸਿੰਘ ਗੁਲਪੁਰ**
(ਮੋ. 7735-0 1892)

ਬਹੁਤਿਆਂ ਨੇ ਆਪਣੀਆਂ ਅੱਖਾਂ ਨਾਲ ਇਹ ਸਫਰ ਤੈਅ ਹੁੰਦਾ ਦੇਖਿਆ ਹੈ। 1960 ਤੋਂ ਪਹਿਲਾਂ ਫਸਲਾਂ ਦੀ ਸਿੰਜਾਈ ਲਈ ਖੂਹਾਂ 'ਤੇ ਚੜਸ ਚਲਦੇ ਹੁੰਦੇ ਸਨ। ਇਹ ਮਜ਼ਬੂਤ ਚਮੜੇ ਦੇ ਬਣੇ ਹੁੰਦੇ ਸਨ। ਮਰਹੂਮ ਬਜ਼ੁਰਗ ਲੈਂਬਰ ਸਿੰਘ ਛੋਕਰ ਦੱਸਦੇ ਹੁੰਦੇ ਸਨ ਕਿ ਪਾਣੀ ਦੇ ਭਰੇ ਹੋਏ ਚੜਸ ਦਾ ਭਾਰ ਲਗਭਗ ਢਾਈ ਮਣ ਪੱਕਾ, ਭਾਵ ਪੰਜ ਕੁਇੰਟਲ ਹੁੰਦਾ ਸੀ। ਇਸ ਨੂੰ ਖਿੱਚਣ ਲਈ ਜਿਸ ਰੱਸੇ ਦੀ ਵਰਤੋਂ ਕੀਤੀ ਜਾਂਦੀ ਸੀ, ਉਸ ਨੂੰ ਦੁਆਬੇ ਵਿੱਚ ਲੌਅ ਕਿਹਾ ਜਾਂਦਾ ਸੀ। ਖੂਹ ਵਿੱਚੋਂ ਚੜਸ ਤਕੜੇ ਬਲਦਾਂ ਦੀ ਜੋੜੀ ਅਤੇ ਪਿੰਡ ਦਾ ਤਕੜਾ ਬੰਦਾ ਖਿੱਚਦਾ ਸੀ। ਬਲਦ ਜਿਸ ਰਾਹ ਚੜਸ ਖਿੱਚਣ ਲਈ ਤੁਰਦੇ ਸਨ, ਉਸ ਨੂੰ ਪੈੜੀ ਕਿਹਾ ਜਾਂਦਾ ਸੀ ਜੋ ਖੂਹ ਤੋਂ ਨੀਵੇਂ ਲੌਟ ਬਣਾਈ ਹੁੰਦੀ। ਬਲਦ ਹੱਕਣ ਵਾਲੇ ਅਤੇ ਚੜਸ ਫੜਨ ਵਾਲੇ ਦਰਮਿਆਨ ਬਹੁਤ ਸਟੀਕ ਤਾਲਮੇਲ ਹੁੰਦਾ ਸੀ। ਉਤਰਾਈ 'ਤੇ ਜਾ ਕੇ ਉਹ ਟਪੂਸੀ ਮਾਰ ਕੇ ਲੌਅ 'ਤੇ ਬੈਠ ਜਾਂਦਾ। ਭਾਰੀ ਭਰਕਮ ਚੜਸ ਫੜ ਕੇ ਬਾਹਰ ਖਾਲੀ ਕਰਨ ਵਾਲਾ ਬੰਦਾ ਬਹੁਤ ਤਾਕਤਵਰ ਹੁੰਦਾ ਸੀ। ਚੜਸ ਫੜਨਾ ਹਾਰੀ ਸਾਰੀ ਦਾ ਕੰਮ ਨਹੀਂ ਸੀ। ਜਦੋਂ ਉਹ ਚੜਸ ਨੂੰ ਆਪਣੇ ਕੰਟਰੋਲ ਵਿਚ ਕਰ ਲੈਂਦਾ ਸੀ ਤਾਂ ਉੱਚੀ ਆਵਾਜ਼ ਵਿਚ ਬੋਲਦਾ - ਬਾਰਾ ਓ ਓ ਓ.....। ਬਲਦ ਹੱਕਣ ਵਾਲਾ ਬਲਦਾਂ ਦੀ ਕਿੱਲੀ ਕੱਢ ਦਿੰਦਾ ਸੀ। ਜੇ ਇਸ ਕਾਰਵਾਈ ਵਿਚ ਅੱਖ ਦੇ ਫੋਰ ਜਿੰਨੀ ਵੀ ਗਲਤੀ ਹੋ ਜਾਂਦੀ ਤਾਂ ਦੁਰਘਟਨਾ ਵਾਪਰ ਜਾਂਦੀ ਸੀ। ਇਹ ਕੰਮ ਸਵੇਰ ਤੋਂ ਸ਼ਾਮ ਤੱਕ ਚਲਦਾ ਰਹਿੰਦਾ।

ਖੈਰ ! ਇਸ ਤਕਨੀਕ ਨਾਲ ਕੇਵਲ ਦੋ ਕੁ ਕਨਾਲ ਰਕਬਾ ਭਰਦਾ ਹੁੰਦਾ ਸੀ। ਇਸ ਤੋਂ ਬਾਅਦ ਹਲਟਾਂ ਦਾ ਦੌਰ ਸ਼ੁਰੂ ਹੋ ਗਿਆ। ਲੋਹੇ ਦੀਆਂ ਟਿੰਡਾਂ ਦੀ ਮਾਹਲ ਬਣਾਈ ਜਾਂਦੀ। ਇਸ ਨੂੰ ਚਰਖੇ ਵਾਂਗ ਲੋਹੇ ਦੇ ਗੋਲ ਚੱਕਰ 'ਤੇ ਚਾੜ੍ਹਿਆ ਜਾਂਦਾ ਸੀ ਜਿਸ ਨੂੰ ਬੈਡ ਕਹਿੰਦੇ ਸਨ। ਇਹ ਲੱਠ ਰਾਹੀਂ ਬੂੜੀਆਂ ਵਾਲੇ ਚਕਲੇ ਨਾਲ ਜੁੜਿਆ ਹੁੰਦਾ ਜਿਸ ਨੂੰ ਗੋਲ ਚੱਕਰ ਵਿਚ ਕੋਹਲੂ ਵਾਂਗ ਬਲਦ ਖਿੱਚਦੇ ਸਨ। ਪਹਿਰ ਦੇ ਤੜਕੇ ਹਲਟ ਜੋੜ ਲਏ ਜਾਂਦੇ। ਬਲਦਾਂ ਦੀਆਂ ਟੱਲੀਆਂ ਨਾਲ ਲੋਕ ਜਾਗ ਪੈਂਦੇ ਸਨ। ਉਦੋਂ ਸਪੀਕਰਾਂ 'ਤੇ ਪਾਠ ਕਰਨ ਦਾ ਯੁੱਗ ਨਹੀਂ ਸੀ। ਫਿਰ ਆਥਣ ਤੱਕ ਚੱਲ ਸੋ ਚੱਲ। ਤਕੜੇ ਬਲਦ ਚਾਰ ਪੰਜ ਕਨਾਲ ਦਾ ਸੇਂਜਾ ਦਿਹਾੜੀ ਵਿਚ ਕਰ ਦਿੰਦੇ। ਚੜਸਾਂ ਤੋਂ ਖਹਿੜਾ ਛੁੱਟਣ ਨਾਲ ਕਿਸਾਨਾਂ ਨੇ ਸੁੱਖ ਦਾ ਸਾਹ ਲਿਆ ਸੀ।

'ਆਰ ਢਾਂਗਾ ਪਾਰ ਢਾਂਗਾ, ਵਿਚ ਟੱਲਮ-ਟੱਲੀਆਂ। ਆਣ ਕੂੰਜਾਂ ਦੇਣ ਬੱਚੇ ਨਦੀ ਨਾਹਵਣ ਚੱਲੀਆਂ' ਨਾਮਕ ਗੀਤ ਹਲਟ ਨੂੰ ਲੈ ਕੇ ਹੀ ਜਮਲੇ ਜੱਟ ਨੇ ਗਾਇਆ ਸੀ ਜੋ ਅੱਜ ਵੀ ਮਕਬੂਲ ਹੈ। ਪਹਿਲਾਂ ਇਹ ਬੁਝਾਰਤ ਹੁੰਦੀ ਸੀ। ਖੂਹ ਦਾ ਆਲਾ ਦੁਆਲਾ ਤੂਤ ਵਰਗੇ ਛਾਂਦਾਰ ਰੁੱਖਾਂ ਨਾਲ ਭਰਿਆ ਹੁੰਦਾ। ਚਲਦੇ ਹਲਟ ਦਾ ਨਜ਼ਾਰਾ ਦੇਖਣ ਵਾਲਾ ਹੁੰਦਾ। ਸਾਰਾ ਦਿਨ ਰੌਣਕ ਲੱਗੀ ਰਹਿੰਦੀ। ਪਿੰਡ ਦੀਆਂ ਔਰਤਾਂ ਘਰਾਂ ਦੇ ਲੀੜੇ ਹਲਟਾਂ ਉੱਤੇ ਧੋਂਦੀਆਂ। ਬੰਦੇ ਇਸ਼ਨਾਨ ਕਰਦੇ। ਕੁੱਤੇ ਦੀ ਟੱਕ-ਟੱਕ ਖੂਹ ਚੱਲਣ ਦਾ ਸੁਨੇਹਾ ਦਿੰਦੀ। ਉੱਥੇ ਤਾਸ਼ ਦੀਆਂ ਬਾਜ਼ੀਆਂ ਲਗਦੀਆਂ, ਬਾਰਾਂ ਟਾਹਣੀ ਵੀ ਖੇਡੀ ਜਾਂਦੀ। ਪ੍ਰਸਿੱਧ ਲੇਖਕ ਸੋਹਣ ਸਿੰਘ ਸੀਤਲ ਦਾ ਸ਼ਾਹਕਾਰ ਨਾਵਲ 'ਤੂਤਾਂ ਵਾਲਾ ਖੂਹ' ਜਿੱਥੇ ਹਲਟ ਤੇ ਦ੍ਰਿਸ਼ ਨੂੰ ਰੂਪਮਾਨ ਕਰਦਾ ਹੈ ਉੱਥੇ ਭਾਰਤ ਪਾਕਿਸਤਾਨ ਵੰਡ ਦੇ ਦੁਖਾਂਤ ਨੂੰ ਵੀ ਕਲਾਵੇ ਵਿਚ ਲੈਂਦਾ ਹੈ। ਨਾਵਲ ਵਿਚ ਕਿਸਾਨ ਵਲੋਂ ਧਰਤੀ ਉੱਤੇ ਸਿਰਜੇ ਸਵਰਗ ਉਦੇ ਸੂਦਖੋਰਾਂ ਦੀ ਮੈਲੀ ਨਜ਼ਰ ਦਾ ਜ਼ਿਕਰ ਹੈ।

ਖੂਹਾਂ ਤੋਂ ਬਾਅਦ ਟਿਊਬਵੈਲਾਂ ਦਾ ਦੌਰ ਸ਼ੁਰੂ ਹੋ ਕਿਆ। ਬਾਜ਼ਾਰ ਵਿੱਚ ਵੱਖ-ਵੱਖ ਤਰ੍ਹਾਂ ਦੇ ਇੰਜਣਾਂ ਤੇ ਪੱਖਿਆਂ ਦਾ ਹੜ੍ਹ ਆ ਗਿਆ। ਨਵੀਆਂ ਖੂਹੀਆਂ ਪੁੱਟੀਆਂ ਗਈਆਂ ਜਿਨ੍ਹਾਂ 'ਚੋਂ ਪੱਖੇ ਅਤੇ ਇੰਜਣ ਦੀ ਸਹਾਇਤਾ ਨਾਲ ਪਾਣੀ ਕੱਢਿਆ ਜਾਣ ਲੱਗਾ। ਇਨ੍ਹਾਂ ਨੂੰ ਕੈਵਟੀ ਵਾਲੇ ਬੋਰ ਆਖਿਆ ਜਾਂਦਾ। ਫਿਰ ਇੰਜਣਾਂ ਦੀ ਥਾਂ ਬਿਜਲੀ ਵਾਲੀਆਂ ਮੋਟਰਾਂ ਨੇ ਲੈ ਲਈ। ਇਨ੍ਹਾਂ ਬੋਰਾਂ ਦੀ ਮਿਆਦ ਬਹੁਤ ਘੱਟ ਹੁੰਦੀ। ਕੈਵਟੀਆਂ ਬਹਿ ਜਾਂਦੀਆਂ ਸਨ ਅਤੇ ਵਾਰ-ਵਾਰ ਨਵੇਂ ਬੋਰ ਕਰਨੇ ਪੈਂਦੇ। ਇਸ ਤਕਨੀਕ ਨੇ ਕਿਸਾਨਾਂ ਦਾ ਬਹੁਤ ਆਰਥਿਕ ਨੁਕਸਾਨ ਕੀਤਾ। ਕਿਸਾਨ ਧਰਤੀ ਹੇਠਲਾ ਪਾਣੀ ਲੱਭਣ ਲਈ ਖੁਆਜੇ ਅਤੇ ਪੀਰਾਂ ਫਕੀਰਾਂ ਦੀਆਂ ਸੁੱਖਣਾ ਸੁੱਖਦੇ ਜਿਨ੍ਹਾਂ ਵਿਚ ਬੱਕਰੇ ਦੀ ਬਲੀ ਵੀ ਸ਼ਾਮਲ ਹੁੰਦੀ। ਕਿਸੇ ਦੀ ਸੁੱਖਣਾ ਪੂਰੀ ਹੋ ਜਾਂਦੀ ਅਤੇ ਕਿਸੇ ਦੀ ਨਾ। ਉਹ ਰੱਬ 'ਤੇ ਡੋਰੀਆਂ ਛੱਡ ਆਪਣੇ ਸਾਧਨਾਂ ਨਾਲ ਯਤਨ ਕਰਦੇ ਰਹਿੰਦੇ। ਇਸ ਸੰਘਰਸ਼ ਵਿੱਚ ਕਈ ਪਰਿਵਾਰ ਤਾਂ ਕੰਗਾਲ ਤੱਕ ਹੋ ਗਏ।



1970 ਤੋਂ ਬਾਅਦ ਸਬਮਰਸੀਬਲ ਬੋਰਾਂ ਦਾ ਦੌਰ ਸ਼ੁਰੂ ਹੋਇਆ। ਇਸ ਨੂੰ ਕਈ ਇਲਾਕਿਆਂ ਵਿਚ ਮੱਛੀ ਮੋਟਰ ਵੀ ਕਿਹਾ ਜਾਂਦਾ ਹੈ। ਇਸ ਉੱਤੇ ਖਰਚਾ ਭਾਵੇਂ ਜ਼ਿਆਦਾ ਹੁੰਦਾ ਸੀ ਪਰ ਪੰਪ ਲੱਗਣ ਨਾਲ ਕਿਸਾਲਾਂ ਨੂੰ ਮੌਜ ਬਣ ਗਈ। ਨਾ ਖੂਹ ਅਤੇ ਨਾ ਖੂਹਾਂ 'ਚ ਵਾਰ-ਵਾਰ ਉਤਰਨ ਦਾ ਝੰਜਟ ! ਅੜੇ ਥੁੜ੍ਹੇ ਕਿਸਾਨਾਂ ਨੇ ਵੀ ਕਰਜ਼ਾ ਚੁੱਕ ਕੇ ਇਨ੍ਹਾਂ ਪੰਪਾਂ ਦਾ ਜੁਗਾੜ ਕਰ ਲਿਆ। ਦੇਖਦਿਆਂ-ਦੇਖਦਿਆਂ ਪੰਜਾਬ ਅੰਦਰ ਲਗਭਗ ਚਾਰ ਲੱਖ ਸਬਮਰਸੀਬਲ ਬੋਰ ਲੱਗ ਗਏ।

1970 ਦੇ ਨੇੜੇ-ਤੇੜੇ ਕਿਸਾਨਾਂ ਨੇ ਝੋਨਾ ਲਾਉਣਾ ਸ਼ੁਰੂ ਕਰ ਦਿੱਤਾ। 1997 ਵਿੱਚ ਬਣੀ ਬਾਦਲ ਸਰਕਾਰ ਨੇ ਟਿਊਬਵੈਲਾਂ ਲਈ ਬਿਜਲੀ ਮੁਫਤ ਕਰ ਦਿੱਤੀ। ਬਸ ਫਿਰ ਕੀ ਸੀ, ਮੋਟਰਾਂ ਦਿਨ ਰਾਤ ਧਰਤੀ ਹੇਠਲਾ ਪਾਣੀ ਖਿੱਚਣ ਲੱਗ ਪਈਆਂ। ਪਾਣੀ ਦਾ ਪੱਧਰ ਹੇਠ ਜਾਣ ਲੱਗ ਪਿਆ ਤਾਂ ਕਿਸਾਨ ਸੈਕਸ਼ਨਾਂ ਪਾਉਣ ਲੱਗੇ, ਵੱਧ ਹਾਰਸ ਪਾਵਰ ਦੀਆਂ ਮੋਟਰਾਂ ਲਗਾਉਣ ਲੱਗੇ। 'ਖੁਆਜਾ' ਹੋਰ ਹੇਠ ਜਾਣ ਲੱਗਾ ਅਤੇ ਕਿਸਾਨ ਉਹਦੇ ਮਗਰ ਮਗਰ ਹੋ ਲਏ। ਮੁਫਤ ਦੀ ਬਿਜਲੀ ਹੋਣ ਕਾਰਨ ਕਿਸਾਨਾਂ ਨੇ ਰੇਤਲੀ ਜ਼ਮੀਨ ਵਿਚ ਵੀ ਝੋਨਾ ਲਾਉਣਾ ਸ਼ੁਰੂ ਕਰ ਦਿੱਤਾ। 90 ਫੀਸਦ ਕਿਸਾਨਾਂ ਨੇ ਕਿਆਰੇ ਬਣਾਉਣੇ ਵੀ ਛੱਡ ਦਿੱਤੇ। ਮੋਟਰਾਂ ਉੱਤੇ ਆਟੋਮੈਟਿਕ ਯੰਤਰ ਫਿੱਟ ਕਰਵਾ ਲਏ। ਫਸਲਾਂ ਨੂੰ ਪਾਣੀ ਲਾਉਣਾ ਹੋਰ ਗੱਲ। ਹੋਰ ਤਾਂ ਹੋਰ, ਮੁਫਤ ਪਾਣੀ ਹੋਣ ਕਾਰਨ ਕਿਸਾਨਾਂ ਨੇ ਖਾਲ ਘੜਨੇ ਬੰਦ ਕਰ ਦਿੱਤੇ; ਬੱਸ ਰਾਊਂਡਅੱਪ ਸਪਰੇਅ ਛਿੜਕ ਕੇ ਨਦੀਨ ਦੀ ਸਾਫ-ਸਫਾਈ ਕਰ ਦਿੱਤੀ ਜਾਂਦੀ ਹੈ। ਇਹ ਘਾਤਕ ਜ਼ਹਿਰ ਹੌਲੀ-ਹੌਲੀ ਜ਼ਮੀਨ ਹੇਠਲੇ ਪਾਣੀ ਵਿਚ ਰਲ ਕੇ ਸਾਡੇ ਅੰਦਰ ਜਾ ਰਿਹਾ ਹੈ। ਬਿਮਾਰੀਆਂ ਭੇਸ ਬਦਲ-ਬਦਲ ਕੇ ਆ ਰਹੀਆਂ ਹਨ। ਇਹ ਗੱਲ ਕਿਸਾਨਾਂ ਨੂੰ ਕੌੜੀ ਲੱਗੇਗੀ ਕਿ ਥੋੜ੍ਹਾ-ਬਹੁਤ ਮੋਟਰ ਬਿੱਲ ਸਰਕਾਰ ਨੂੰ ਜ਼ਰੂਰ ਵਸੂਲਣਾ ਚਾਹੀਦਾ ਹੈ। ਇਉਂ ਕਿਸਾਨਾਂ ਉੱਤੇ ਜ਼ਿੰਮੇਵਾਰੀ ਆਇਦ ਹੋਵੇਗੀ ਤੇ ਕਿਸਾਨ ਬੱਚੇ ਤੰਦਰੁਸਤ ਰਹਿਣਗੇ।

ਛੇ ਕੁ ਦਹਾਕੇ ਪਹਿਲਾਂ ਅਮਰੀਕਾ ਨੇ ਵੀਅਤਨਾਮੀ ਗੁਰੀਲਿਆਂ ਨੂੰ ਖਦੇੜਨ ਲਈ ਉੱਥੋਂ ਦੇ ਹਰੇ ਭਰੇ ਜੰਗਲਾਂ ਦੀ ਹਰਿਆਈ ਖਤਮ ਕਰਨ ਲਈ 'ਔਰਿੰਜ ਏਜੰਟ' ਨਾਮ ਦਾ ਹਵਾਈ ਸਪਰੇਅ ਕੀਤਾ ਸੀ। ਇਹੀ ਉਹੀ ਘਾਤਕ ਸਪਰੇਅ ਹੈ ਜੋ ਕਿਸਾਨਾਂ ਨੂੰ ਉਨ੍ਹਾਂ ਦੀ ਤਰੱਕੀ ਦੇ ਨਾਂ ਹੇਠ ਧੜਾਧੜ ਵੇਚਿਆ ਜਾ ਰਿਹਾ ਹੈ। ਪਾਣੀ ਬਰਬਾਦ ਕਰਨ ਲਈ ਕਾਰਪੋਰੇਟ ਸੈਕਟਰ ਜ਼ਿੰਮੇਵਾਰ ਹੈ ਅਤੇ ਸਰਕਾਰਾਂ ਉਸ ਦੇ ਪੈਰ ਵਿਚ ਪੈਰ ਰੱਖ ਕੇ ਚੱਲ ਰਹੀਆਂ ਹਨ। ਇਸ ਦੇ ਬਾਵਜੂਦ ਕਿਸਾਨਾਂ ਨੂੰ ਕੁਦਰਤ ਦੇ ਪਾਲੇ ਵਿਚ ਖੜ੍ਹਨ ਦੀ ਲੋੜ ਹੈ; ਨਹੀਂ ਤਾਂ ਨਾ ਰਹੇਗਾ ਬਾਂਸ ਤੇ ਨਾ ਵੱਜੇਗੀ ਬੰਸਰੀ !



# ਬਾਬਿਆਂ ਦਾ ਮੇਲ ਮਿਲਾਪ, ਜ਼ਿੰਦਗੀ ਵਿਚ ਮਿਠਾਸ ਭਰਦਾ ਸੀ

ਮਨੁੱਖ ਦਾ ਬਚਪਨ ਪਿਆਰਾਂ ਮਲ੍ਹਾਰਾਂ ਅਤੇ ਚਾਵਾਂ ਵਿਚ ਛਾਲਾਂ ਮਾਰਦਾ ਲੰਘ ਜਾਂਦਾ ਹੈ । ਜਵਾਨੀ ਸੁਗੰਧੀਆਂ ਵੰਡਦੀ ਅਤੇ ਖੁਸ਼ੀ ਖੇੜੇ ਬਖੇਰਦੀ, ਮੋਢਿਆਂ ਤੋਂ ਬੁੱਕਦੀ, ਖਾਬਾਂ ਦੇ ਸੰਸਾਰ ਵਿਚ ਚਲਦੀ ਹਵਾ ਦੀ ਤਰਾਂ ਬੁਲ੍ਹਾ ਆਇਆ ਤਾਂ ਬੁਲ੍ਹਾ ਗਿਆ ਵਾਂਗੂੰ ਲੰਘ ਜਾਂਦੀ ਅਤੇ ਅੰਤਲਾ ਵੇਲਾ ਬਜ਼ੁਰਗ ਪੁਣਾ ਲਹਿੰਦੇ ਸੂਰਜ ਵਾਂਗੂੰ ਮੱਠਾਂ ਮੱਠਾ ਥੱਲੇ ਜਾਂਦਾ ਹੈ । ਜੋ ਸਮਾਂ ਹੈ ਬਹੁਤ ਤਾਕਤਵਾਰ ਹੁੰਦਾ ਹੈ । ਇਸ ਨੂੰ ਰੋਕਣਾ ਮਨੁੱਖ ਦੇ ਵੱਸਦੀ ਗੱਲ ਨਹੀਂ ਹੈ । ਬਚਪਨ ਤੋਂ ਬੁਢਾਪੇ ਤੱਕ ਦਾ ਸਫਰ ਮਨੁੱਖ ਨੂੰ ਕਈ ਤਰਾਂ ਦੀਆਂ ਉੱਚੀਆਂ ਨੀਵੀਆਂ ਥਾਵਾਂ ਸਮਾਜਿਕ ਸਮੱਸਿਆਵਾਂ ਵਿਚ ਬਤੀਤ ਹੁੰਦਾ ਸਿਖਰ ਵਲ ਵਧਦਾ ਤੁਰਿਆ ਜਾਂਦਾ ਹੈ । ਕੁਝ ਸੁੱਖਾਂ ਦੁੱਖਾਂ ਦੀ ਸਾਰ ਸਿਖਾਉਂਦਾ ਕਮਾਉਂਦਾ ਤੇ ਜ਼ਿੰਦਗੀ ਗੁਜ਼ਾਰਦਾ ਜੀਵਨ ਦੇ ਰਾਹ ਤੇ ਤੁਰਿਆ ਸਫਲ ਤੈਅ ਕਰਨ ਵਿਚ ਰੁਝਿਆ ਰਹਿੰਦਾ ਹੈ । ਹਰ ਜ਼ਿੰਦਗੀ ਦੇ ਪੜਾਅ ਵਿਚ ਵੱਖ ਵੱਖ ਤਰ੍ਹਾਂ ਦੇ ਖੇਤਾਂ ਸ਼ੌਂਕ ਕੰਮ ਮੰਨੋਰੰਜਨ, ਕਮਾਈ ਦੇ ਸਾਧਨ ਵੱਖੋ ਵੱਖ ਕੌੜਾ ਮਿੱਠਾ ਦਿੰਦੇ ਤਜਰਬਿਆਂ ਤੋਂ ਜਾਣਕਾਰ ਹੁੰਦਾ ਗੁਜ਼ਰਦਾ ਹੈ ਇਹ ਕੋਈ ਇਲਮ ਨਹੀਂ ਕੀ ਗੁਵਾਉਂਦਾ ਹੈ ਤੇ ਕੁਝ ਪਾਉਂਦਾ ਹੈ । ਬਜ਼ੁਰਗ ਕੋਲ ਤਜ਼ਰਬਾ ਹੁੰਦਾ ਹੈ । ਬਿਨਾਂ ਗਲਤੀ ਕੀਤਿਆਂ ਤਜ਼ਰਬਾ ਪ੍ਰਾਪਤ ਕਰਨਾ ਬਹੁਤ ਔਖਾ ਹੈ । ਨੌਜਵਾਨਾਂ ਦੇ ਲਈ ਬਾਬਿਆਂ ਦਾ ਮੇਲ ਮਿਲਾਪ ਜ਼ਿੰਦਗੀ ਵਿਚ ਮਿੱਠਾਪਣ ਭਰਦਾ ਹੈ । ਇਹ ਜ਼ਿਉਂਦੀ ਜਾਗਦੀ ਮੂੰਹ ਬੋਲਦੇ ਦਸਤਾਵੇਜ ਹੁੰਦੇ ਹਨ । ਬੁੱਧੀ ਦੀ ਸਵੇਰ ਵਰਗੇ ਬਾਬਿਆਂ ਤੋਂ ਬਿਨਾਂ ਕਿਸੇ ਮੁੱਲ ਤੋਂ ਜ਼ਿੰਦਗੀ ਦੀ ਸੇਧ ਲਈ ਜਾ ਸਕਦੀ ਹੈ । ਜੋ ਸਮਾਜ ਨੂੰ ਜਾਨਣ ਵਿਚ ਸਹਾਇਤਾ ਮਿਲਦੀ ਹੈ । ਜ਼ਿੰਦਗੀ ਦੀ ਕਵਿਤਾ ਨੂੰ ਸਮਝਣ ਲਈ ਬਜ਼ੁਰਗ ਦਾ ਹੱਥ ਨੌਜਵਾਨਾਂ ਦੇ ਸਿਰ ਤੇ ਹੋਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ ਹੈ । ਜੇ ਨੌਜਵਾਨ ਕਿਤੇ ਬਜ਼ੁਰਗਾਂ ਦਾ ਜਨਮ ਦਿਨ ਮਨਾ ਲੈਣ ਬਜ਼ੁਰਗਾਂ ਦੀ ਆਯੂ ਵਧਾਉਣ ਦਾ ਟੀਕਾ ਵੀ ਸਾਬਤ ਹੁੰਦਾ ਹੈ ।



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

### ਬਾਰਿਸ਼ ਵਿਚ ਇਸ ਤਰ੍ਹਾਂ ਕਰੋ

# ਟੈਰੇਸ ਬਗੀਚੀ ਦੀ ਸੰਭਾਲ

ਅਨੂ ਆਰ.

ਬਾਰਿਸ਼ ਦੇ ਦਿਨਾਂ ਵਿੱਚ ਜਦੋਂ ਲਗਾਤਾਰ ਕਈ ਦਿਨਾਂ ਤੱਕ ਰਹਿ ਰਹਿ ਕੇ ਬਾਰਿਸ਼ ਹੁੰਦੀ ਰਹੇ, ਇਸ ਤਰ੍ਹਾਂ ਦੇ ਮੌਸਮ 'ਚ ਆਪਣੀ ਟੇਰੇਸ ਬਗੀਚੀ ਵਿਚ ਰੱਖੇ ਗਮਲਿਆਂ 'ਚੋਂ ਪਾਣੀ ਨੂੰ ਕੱਢਣਾ ਜ਼ਰੂਰੀ ਹੋ ਜਾਂਦਾ ਹੈ, ਕਿਉਂਕਿ ਲਗਾਤਾਰ ਰਿਮਝਿਮ ਹੁੰਦੀ ਰਹਿਣ ਕਾਰਨ ਗਮਲਿਆਂ ਵਿਚ ਪਾਣੀ ਭਰ ਜਾਂਦਾ ਹੈ ਅਤੇ ਉਹ ਲਗਾਤਾਰ ਖੜ੍ਹਾ ਰਹਿੰਦਾ ਹੈ, ਜਿਸ ਨਾਲ ਜੇਕਰ ਛੱਤ ਵੱਡੀ ਹੈ ਤਾਂ ਉਸ ਵਿਚ ਇਕ ਇਸ ਤਰ੍ਹਾਂ ਦੀ ਛਤਰੀ ਬਣਵਾ ਲਓ ਕਿ ਲਗਾਤਾਰ ਬਾਰਿਸ਼ ਪੈਣ ਸਮੇਂ ਆਪਣੇ ਗਮਲਿਆਂ ਨੂੰ ਚੁੱਕ ਕੇ ਉੱਥੇ ਰੱਖ ਦਿਓ, ਜਿਸ ਨਾਲ ਉਨ੍ਹਾਂ ਵਿਚ ਪਾਣੀ ਨਹੀਂ ਭਰੇਗਾ ਅਤੇ ਉਹ ਲਗਾਤਾਰ ਕਈ-ਕਈ ਦਿਨਾਂ ਤੱਕ ਪਾਣੀ ਵਿਚ ਨਹੀਂ ਡੁੱਬੇ ਰਹਿਣਗੇ । ਪਰ ਇਕ ਪਾਸੇ ਜਿਥੇ ਬਾਰਿਸ਼ ਦੇ ਦਿਨਾਂ ਵਿਚ ਬੂਟਿਆਂ ਨੂੰ ਵਾਧੂ ਪਾਣੀ ਤੋਂ ਬਚਾਉਣਾ ਹੁੰਦਾ ਹੈ, ਉੱਥੇ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਬੂਟਿਆਂ ਨੂੰ ਲਗਾਤਾਰ ਜ਼ਰੂਰਤ ਜੋਗਾ ਪਾਣੀ ਮਿਲਦਾ ਰਹੇ । ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਹਫਤਿਆਂ ਬੱਧੀ ਬਾਰਿਸ਼ ਨਹੀਂ ਹੁੰਦੀ ਅਤੇ ਅਸੀਂ ਬਾਰਿਸ਼ ਦੇ ਮੌਸਮ ਦੀ ਸੋਚ ਕੇ ਬੂਟਿਆਂ ਨੂੰ ਪਾਣੀ ਨਹੀਂ ਦਿੰਦੇ । ਇਸ ਤਰ੍ਹਾਂ ਹੁੰਮਸ ਅਤੇ ਗਰਮੀ ਕਾਰਨ ਉਹ ਜਲਦੀ ਹੀ ਸੁੱਕ ਜਾਂਦੇ ਹਨ । ਇਸ ਲਈ ਜੇਕਰ ਬਾਰਿਸ਼ ਦੇ ਮੌਸਮ ਦੇ ਬਾਵਜੂਦ ਮੀਂਹ ਨਾ ਪੈ ਰਿਹਾ ਹੋਵੇ ਤਾਂ ਬੂਟਿਆਂ ਨੂੰ ਸਹੀ ਸਮੇਂ 'ਤੇ ਉਨ੍ਹਾਂ ਦੀ ਜ਼ਰੂਰਤ ਅਨੁਸਾਰ ਪਾਣੀ ਜ਼ਰੂਰ ਦਿਓ ।



ਮੌਨਸੂਨ ਦੇ ਦਿਨਾਂ ਵਿਚ ਬਾਰਿਸ਼ ਕਾਰਨ ਕੀੜੇ-ਮਕੌੜਿਆਂ ਦੀ ਗਿਣਤੀ ਵਧ ਜਾਂਦੀ ਹੈ । ਜੇਕਰ ਕੀੜੇ-ਮਕੌੜਿਆਂ ਤੋਂ ਬਚਾਅ ਲਈ ਕੀਟਨਾਸ਼ਕਾਂ ਦੀ ਵਰਤੋਂ ਨਾ ਕਰਨੀ ਹੋਵੇ ਤਾਂ ਜਿਵੇਂ ਹੀ ਬਾਰਿਸ਼ ਹਟੇ, ਅਸਮਾਨ ਸਾਫ ਹੋਵੇ, ਬੂਟਿਆਂ ਦੀਆਂ ਪੱਤੀਆਂ ਉੱਤੇ ਰਾਖ ਭੁੱਕ ਦਿਓ, ਦੇਸੀ ਤੇ ਆਰਗੈਨਿਕ ਢੰਗਾਂ ਨਾਲ ਬਣਾਏ ਕੀਟਨਾਸ਼ਕਾਂ ਦੀ ਵਰਤੋਂ ਕਰੋ, ਕਿਉਂਕਿ ਬਾਰਿਸ਼ ਦੇ ਦਿਨਾਂ ਵਿਚ ਸਾਧਾਰਨ ਮੌਸਮਾਂ ਦੇ ਮੁਕਾਬਲੇ ਕਈ ਗੁਣਾਂ ਜ਼ਿਆਦਾ ਕੀੜੇ-ਮਕੌੜੇ ਪੈਦਾ ਹੋ ਜਾਂਦੇ ਹਨ । ਇਸ ਲਈ ਬੂਟਿਆਂ ਨੂੰ ਉਨ੍ਹਾਂ ਤੋਂ ਬਚਾਉਣਾ ਜ਼ਰੂਰੀ ਹੁੰਦਾ ਹੈ । ਬਾਰਿਸ਼ ਦੇ ਦਿਨਾਂ ਦੀ ਧੁੱਪ ਬਹੁਤ ਤੇਜ਼ ਹੁੰਦੀ ਹੈ, ਜਿਵੇਂ ਇਨਸਾਨ ਨੂੰ ਬਾਰਿਸ਼ ਦੇ ਦਿਨਾਂ ਵਿਚ ਧੁੱਪ ਤੇਜ਼ ਲੱਗਦੀ ਹੈ, ਉਂਝ ਦਾ ਹੀ ਅਸਰ ਬੂਟਿਆਂ 'ਤੇ ਵੀ ਹੁੰਦਾ ਹੈ । ਇਸ ਲਈ ਜੇਕਰ ਕਈ ਦਿਨਾਂ ਤੱਕ ਲਗਾਤਾਰ ਬਾਰਿਸ਼ ਨਾ ਹੋਵੇ, ਧੁੱਪ ਤੇਜ਼ ਹੋਵੇ ਤਾਂ ਬੂਟਿਆਂ ਨੂੰ ਧੁੱਪ ਤੋਂ ਬਚਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

ਬਾਰਿਸ਼ ਤੇ ਦਿਨਾਂ ਵਿਚ ਸਹੀ ਧੁੱਪ ਅਤੇ ਰੌਸ਼ਨੀ ਵਾਲੀਆਂ ਥਾਵਾਂ 'ਤੇ ਬੂਟਿਆਂ ਨੂੰ ਰੱਖਣਾ ਚਾਹੀਦਾ ਹੈ, ਕਿਉਂਕਿ ਇਨ੍ਹੀਂ ਦਿਨੀਂ ਬੂਟਿਆਂ ਨੂੰ ਆਪਣੇ ਲਈ ਭੋਜਨ ਬਣਾਉਣ ਲਈ ਸੂਰਜ ਦੀ ਰੌਸ਼ਨੀ ਨਾਲ ਕਾਫੀ ਜੱਦੋ-ਜਹਿਦ ਕਰਨੀ ਪੈਂਦੀ ਹੈ । ਜੇਕਰ ਬੂਟਿਆਂ ਦਾ ਸਿੱਧਾ ਐਕਸਪੋਜ਼ਰ ਸੂਰਜ ਦੀ ਰੌਸ਼ਨੀ ਵੱਲ ਹੋਵੇਗਾ ਤਾਂ ਜਿਵੇਂ ਹੀ ਇਨ੍ਹਾਂ ਨੂੰ ਮੌਕਾ ਮਿਲੇਗਾ, ਇਹ ਆਪਣੇ ਲਈ ਪੋਸ਼ਣ ਤਿਆਰ ਕਰ ਲੈਂਦੇ ਹਨ । ਪਰ ਜੇਕਰ ਉਹ ਥਾਂ ਜਾਂ ਦਿਸ਼ਾ ਸਹੀ ਨਾ ਰਹੇ, ਜਿੱਥੇ ਬੂਟਿਆਂ ਨੂੰ ਰੱਖਿਆ ਗਿਆ ਹੋਵੇ ਤਾਂ ਬਾਰਿਸ਼ ਦੇ ਦਿਨਾਂ ਵਿਚ ਕਾਫੀ ਮੁਸ਼ਕਿਲ ਹੁੰਦੀ ਹੈ । ਬਾਰਿਸ਼ ਸਮੇਂ ਬਾਗਬਾਨੀ ਕਰਨਾ ਸੌਖਾ ਹੁੰਦਾ ਹੈ, ਕਿਉਂਕਿ ਇਨ੍ਹੀਂ ਦਿਨੀ ਬੂਟੇ ਬਹੁਤ ਸੌਖਿਆਂ ਹੀ ਲਗ ਜਾਂਦੇ ਹਨ । ਪਰ ਬੂਟੇ ਲੱਗਣ ਭਾਵੇਂ ਸੌਖਿਆਂ ਹੀ ਜਾਂਦੇ ਹਨ ਪਰ ਬਾਰਿਸ਼ ਦੇ ਦਿਨਾਂ ਵਿਚ ਕਈ ਦੂਜੀਆਂ ਸਮੱਸਿਆਵਾਂ ਨਾਲ ਵੀ ਸਾਹਮਣਾ ਕਰਨਾ ਪੈਂਦਾ ਹੈ । ਜਿਵੇਂ ਲਗਾਤਾਰ ਬਾਰਿਸ਼ ਹੋਣ ਨਾਲ ਕਈ ਵਾਰ ਬੂਟੇ ਆਪਣੀਆਂ ਕਮਜ਼ੋਰ ਟਹਿਣੀਆਂ ਕਾਰਨ ਡਿੱਗ ਪੈਂਦੇ ਹਨ । ਇਸ ਤਰ੍ਹਾਂ ਦੀ ਸਥਿਤੀ ਵਿਚ ਬੂਟਿਆਂ ਨੂੰ ਸਹਾਰਾ ਦੇਣ ਲਈ ਲੱਕੜੀ ਜਾਂ ਬਾਂਸ ਦੀਆਂ ਸੋਟੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ ।



ਜਦੋਂ ਬਾਰਿਸ਼ ਦੇ ਦਿਨਾਂ ਵਿਚ ਜ਼ਿਆਦਾ ਬਾਰਿਸ਼ ਹੋਵੇ ਜਾਂ ਬਾਰਿਸ਼ ਦੇ ਨਾਲ-ਨਾਲ ਹਵਾ ਵੀ ਚੱਲ ਰਹੀ ਹੋਵੇ ਅਤੇ ਨਾਜ਼ੁਕ ਬੂਟਿਆਂ ਲਈ ਆਪਣੇ ਦਮ 'ਤੇ ਖੜ੍ਹੇ ਰਹਿ ਸਕਣਾ ਮੁਸ਼ਕਿਲ ਹੋ ਜਾਂਦਾ ਹੈ ਤਾਂ ਉਦੋਂ ਫਿਰ ਉਨ੍ਹਾਂ ਨੂੰ ਸਹਾਰਾ ਦੇਣ ਲਈ ਸੋਟੀਆਂ ਦਾ ਸਹਾਰਾ ਦਿਓ । ਜੇਕਰ ਵੇਲ ਵਾਲੇ ਬੂਟੇ ਹਨ ਤਾਂ ਇਨ੍ਹਾਂ ਨੂੰ ਸਹਾਰਾ ਦੇਣ ਲਈ ਕ੍ਰੀਪਰਨੇਟ ਦੀ ਵਰਤੋਂ ਕਰ ਸਕਦੇ ਹੋ । ਇਸ ਨਾਲ ਇਹ ਬਾਰਿਸ਼ ਦੇ ਦਿਨਾਂ ਵਿੱਚ ਡਿੱਗਦੇ ਨਹੀਂ ਅਤੇ ਖੜ੍ਹੇ ਰਹਿੰਦੇ ਹਨ ਅਤੇ ਇਨ੍ਹਾਂ ਦਾ ਵਿਕਾਸ ਵੀ ਚੰਗਾ ਹੁੰਦਾ ਹੈ ਨਹੀਂ ਤਾਂ ਇਹ ਡਿੱਗ ਕੇ ਟੁੱਟ ਜਾਂਦੇ ਹਨ ।

### ਬਰਸਾਤਾਂ ਦੌਰਾਨ

# ਪਸ਼ੂਆਂ ਦੀ ਸਿਹਤ ਸੰਭਾਲ ਲਈ ਸਿਫਾਰਿਸ਼ਾਂ

ਕੰਵਰਪਾਲ ਸਿੰਘ ਢਿੱਲੋਂ
ਕ੍ਰਿਸ਼ੀ ਵਿਗਿਆਨ ਕੇਂਦਰ, ਅੰਮ੍ਰਿਤਸਰ
(ਮੋ. 99156-78787)

ਜੁਲਾਈ-ਅਗਸਤ ਦੇ ਮਹੀਨਿਆਂ ਵਿਚ ਤਾਪਮਾਨ ਭਾਵੇਂ ਮਈ-ਜੂਨ ਨਾਲ ਘੱਟ ਹੋ ਜਾਂਦਾ ਹੈ, ਪਰ ਹਵਾ ਵਿਚ ਵਾਧੂ ਨਮੀਂ ਹੋਣ ਕਰਕੇ ਇਹ ਵਾਲੀ ਗਰਮੀ ਪਸ਼ੂਆਂ ਦੇ ਲਈ ਜ਼ਿਆਦਾ ਹਾਨੀਕਾਰਕ ਹੁੰਦੀ ਹੈ । ਗਰਮੀ ਦੇ ਮੌਸਮ ਤੋਂ ਬਾਅਦ ਠੰਡੇ ਬਰਸਾਤੀ ਮੌਸਮ ਦੇ ਇਕਦਮ ਬਦਲਾਅ ਕਾਰਨ ਪਸ਼ੂਆਂ ਵਿਚ ਤਣਾਅ ਹੁੰਦਾ ਹੈ ਜੋ ਕਿ ਪਸ਼ੂਆਂ ਦੇ ਦੁੱਧ ਉਤਪਾਦਨ, ਪ੍ਰਜਨਣ, ਸਰੀਰਕ ਵਾਧੇ ਅਤੇ ਖੁਰਾਕ ਖਾਣ ਦੀ ਸਮੱਰਥਾ ਉੱਤੇ ਮਾੜਾ ਪ੍ਰਭਾਵ ਪਾਉਂਦਾ ਹੈ । ਇਸ ਲਈ ਬਰਸਾਤ ਦੇ ਮੌਸਮ ਵਿਚ ਪਸ਼ੂਆਂ ਦੀ ਸਾਂਭ-ਸੰਭਾਲ ਬਹੁਤ ਜਰੂਰੀ ਹੈ । ਬਰਸਾਤ ਦੇ ਮੌਸਮ ਦੌਰਾਨ ਪਸ਼ੂ ਪਾਲਕਾਂ ਨੂੰ ਪੇਸ਼ ਆਉਂਦੀਆਂ ਕੁਝ ਆਮ ਸਮੱਸਿਆਵਾਂ ਅਤੇ ਉਹਨਾਂ ਦੇ ਰੋਕਥਾਮ ਦੇ ਹੱਲ ਹੇਠ ਲਿਖੇ ਅਨੁਸਾਰ ਹਨ :



1. ਬਰਸਾਤਾਂ ਦੌਰਾਨ ਪਸ਼ੂਆਂ ਨੂੰ ਚਰਾਉਣ ਲਈ ਨਾ ਲੈ ਕੇ ਜਾਓ । ਪਸ਼ੂਆਂ ਨੂੰ ਪੀਣ ਯੋਗ ਤਾਜ਼ਾ ਸਾਫ ਪਾਣੀ ਦਿਓ । ਦੂਸ਼ਿਤ ਪਾਣੀ ਰਾਹੀਂ ਪਸ਼ੂਆਂ ਦੇ ਪੇਟ ਦੇ ਪਰਜੀਵੀ ਵੀ ਫੈਲ ਸਕਦੇ ਹਨ ਜਿਹਨਾਂ ਕਰਕੇ ਪੀਲੀਆ ਅਤੇ ਮੋਕ ਵਰਗੇ ਲੱਛਣ ਵੇਖਣ ਨੂੰ ਮਿਲ ਸਕਦੇ ਹਨ । ਇਸ ਲਈ ਪਸ਼ੂਆਂ ਨੂੰ ਖੜ੍ਹੇ ਪਾਣੀ ਤੋਂ ਦੂਰ ਰੱਖੋ ਅਤੇ ਸਮੇਂ-ਸਮੇਂ ਸਿਰ ਮਲੱਪ/ਕਿਰਮ ਰਹਿਤ ਕਰੋ ।

2. ਤੇਜ ਮੀਂਹ ਪੈਣ ਤੇ ਪਸ਼ੂਆਂ ਨੂੰ ਛੱਤ ਹੇਠਾਂ ਰੱਖੋ ਅਤੇ ਵਾੜ੍ਹਿਆਂ ਦੀਆਂ ਚੋਂਦੀਆਂ ਛੱਤਾਂ ਦੀ ਮੁਰੰਮਤ ਕਰਵਾਓ । ਮੀਂਹ ਅਤੇ ਹੜ੍ਹ ਦੇ ਪਾਣੀ ਕਾਰਨ ਪਸ਼ੂਆਂ ਨੂੰ ਛੂਤ ਅਤੇ ਪਰਜੀਵੀ ਰੋਗਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ । ਬਰਸਾਤਾਂ ਦੌਰਾਨ ਹਵਾ ਵਿਚ ਨਮੀਂ ਦਾ ਪੱਧਰ ਵਧ ਜਾਂਦਾ ਹੈ ਜਿਸ ਕਰਕੇ ਮੱਛਰ, ਮੱਖੀਆਂ ਅਤੇ ਚਿੱਚੜਾਂ ਸਮੇਤ ਪਸ਼ੂਆਂ ਦੇ ਪਰਜੀਵੀਆਂ ਦੀ ਗਿਣਤੀ ਵੱਧ ਜਾਂਦੀ ਹੈ । ਇਹ ਚਿੱਚੜ ਤੇ ਮੱਖੀਆਂ ਪਸ਼ੂਆਂ ਅੰਦਰ ਥਲੇਰੀਆ, ਐਲਾਪਲਾਸਮਾ ਵਰਗੀ ਬਿਮਾਰੀਆਂ ਫੈਲਾਉਂਦੇ ਹਨ । ਲੰਪੀ ਚਮੜੀ ਰੋਗ ਦੀ ਬਿਮਾਰੀ ਵੀ ਮੱਖੀਆਂ ਨਾਲ ਫੈਲਦੀ ਹੈ । ਪਸ਼ੂਆਂ ਦੇ ਵਾੜਿਆਂ ਵਿਚ ਚਿੱਚੜਾਂ 'ਤੇ ਕਾਬੂ ਪਾਉਣ ਲਈ ਸ਼ੈੱਡ ਦੀ ਫਰਸ਼ ਅਤੇ ਕੰਧਾਂ ਵਿਚ ਬਣੀਆਂ ਤਰੇੜਾਂ ਜਾਂ ਵਿਰਲਾਂ ਨੂੰ ਭਰ ਕੇ ਪਸ਼ੂਆਂ ਦੇ ਮਾਹਿਰਾਂ ਦੀ ਸਲਾਹ ਨਾਲ ਸਿਫਾਰਸ਼ ਦਵਾਈਆਂ ਦਾ ਛਿੜਕਾਅ ਕਰਨਾ ਚਾਹੀਦਾ ਹੈ ।

3. ਵਾਤਾਵਰਨ ਵਿਚਲੀ ਸਿੱਲ੍ਹ ਕਾਰਨ ਪਸ਼ੂਆਂ ਦੀ ਫੀਡ, ਤੂੜੀ ਅਤੇ ਅਚਾਰ ਆਦਿ ਨੂੰ ਉੱਲੀ ਲੱਗ ਸਕਦੀ ਹੈ ਜਿਸ ਕਾਰਨ ਪਸ਼ੂ ਜ਼ਹਿਰਵਾਦ ਦਾ ਸ਼ਿਕਾਰ ਹੋ ਸਕਦੇ ਹਨ । ਪਸ਼ੂਆਂ ਦੀ ਖੁਰਾਕ ਨੂੰ ਸਿੱਲ੍ਹ ਤੋਂ ਬਚਾਉਣ ਲਈ ਵੀ ਉਪਰਾਲੇ ਕਰਨੇ ਚਾਹੀਦੇ ਹਨ । ਪੱਠੇ ਅਤੇ ਖੁਰਾਕ ਦੀ ਕਮੀ ਕਾਰਨ ਪਸ਼ੂਆਂ ਦਾ ਰੱਖਿਆ-ਤੰਤਰ ਕਮਜ਼ੋਰ ਪੈ ਜਾਂਦਾ ਹੈ । ਧਾਤਾਂ ਦੇ ਚੂਰੇ ਦੀ ਵਰਤੋਂ ਨਾਲ ਪਸ਼ੂਆਂ ਦੀ ਰੋਗਾਂ ਨਾਲ ਲੜਨ ਦੀ ਤਾਕਤ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ ।

4. ਵਾੜੇ ਅੰਦਰ ਸਫਾਈ ਰੱਖੋ ਅਤੇ ਪਾਣੀ ਨਾ ਖੜ੍ਹਨ ਦਿਓ । ਗਿੱਲੇ ਥਾਂ ਵਿਚ ਖੜ੍ਹੇ ਰਹਿਣ ਕਾਰਨ ਪਸ਼ੂਆਂ ਦੇ ਖੁਰਾਂ ਦਾ ਗਲਣਾ ਸ਼ੁਰੂ ਹੋ ਜਾਂਦਾ ਹੈ ਜਿਸ ਨਾਲ ਪਸ਼ੂਆਂ ਵਿਚ ਲੰਗੜਾਪਣ ਦੀ ਸਮੱਸਿਆ ਸ਼ੁਰੂ ਹੋ ਸਕਦੀ ਹੈ । ਪਸ਼ੂਆਂ ਦੇ ਖੁਰਾਂ ਨੂੰ 5 ਪ੍ਰਤੀਸ਼ਤ ਫਾਰਮਾਲਿਨ ਦੇ ਘੋਲ ਵਿਚ ਡੋਬਾ ਦੇਣ ਨਾਲ ਖੁਰਾਂ ਦੇ ਗਲਣ ਤੋਂ ਰੋਕਿਆ ਜਾ ਸਕਦਾ ਹੈ । ਵਾੜਿਆਂ ਵਿਚ ਨਮੀਂ ਵਧਣ ਕਾਰਨ ਪਸ਼ੂਆਂ ਨੂੰ ਗਲਘੋਟੂ ਦੀ ਬਿਮਾਰੀ ਅਤੇ ਥਨੈਲਾ ਰੋਗ ਵੀ ਹੋ ਸਕਦਾ ਹੈ । ਦੁੱਧ ਦੀ ਚੁਆਈ ਤੋਂ ਬਾਅਦ ਥਣਾਂ ਨੂੰ ਬੀਟਾਡੀਨ ਅਤੇ ਗਲਿਸਰੀਨ ਦੇ 3 : 1 ਹਿੱਸਿਆਂ ਦੇ ਘੋਲ ਵਿਚ ਡੋਬਾ ਦੇਣਾ ਚਾਹੀਦਾ ਹੈ ।

5. ਬਰਸਾਤਾਂ ਤੋਂ ਪਹਿਲਾਂ ਪਸ਼ੂਆਂ ਨੂੰ ਲੰਮੀ ਚਮੜੀ ਰੋਗ, ਗੱਲ-ਘੋਟੂ, ਬਲੈਕ ਕੁਆਰਟਰ/ਪੱਟ ਸੋਜਾ, ਪੀ. ਪੀ. ਆਰ, ਈ. ਟੀ ਵਰਗੀਆਂ ਬਿਮਾਰੀਆਂ ਤੋਂ ਬਚਾਉਣ ਲਈ ਟੀਕਾਕਰਣ ਜਰੂਰ ਕਰਵਾਓ ।

# ਅਗਸਤ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ । **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ ।

**ਲੜੀ ਜੋੜਨ ਲਈ ਪਿਛਲਾ ਅਕ ਪੜ੍ਹੋ ।**

**ਬਾਗਬਾਨੀ**

1. ਇਹ ਸਮਾਂ ਸਦਾਬਹਾਰ ਫਲਦਾਰ ਬੂਟੇ ਜਿਵੇਂ ਨਿੰਬੂ ਜਾਤੀ, ਅੰਬ, ਲੀਚੀ, ਅਮਰੂਦ, ਲੁਕਾਠ, ਪਪੀਤਾ, ਚੀਕੂ ਆਦਿ ਲਗਾਉਣ ਲਈ ਬਹੁਤ ਹੀ ਢੁੱਕਵਾਂ ਸਮਾਂ ਹੈ ।

2. ਬਾਗਾਂ ਵਿਚ ਬਹੁਤ ਦੇਰ ਖੜ੍ਹਾ ਪਾਣੀ ਖਰਾਬੀ ਕਰ ਸਕਦਾ ਹੈ, ਸੋ ਵਾਧੂ ਪਾਣੀ ਕੱਢਣ ਦਾ ਢੁੱਕਵਾਂ ਪ੍ਰਬੰਧ ਕਰੋ । ਜ਼ਿਆਦਾ ਪਾਣੀ ਖੜ੍ਹਨ ਕਾਰਨ ਬੂਟਿਆਂ ਖਾਸ ਕਰਕੇ ਪਪੀਤਾ, ਨਾਸ਼ਪਾਤੀ ਅਤੇ ਆੜੂ ਦੀਆਂ ਜੜ੍ਹਾਂ ਗਲਣ ਦੀ ਸ਼ਿਕਾਇਤ ਹੋ ਸਕਦੀ ਹੈ, ਇਸ ਲਈ ਇਨ੍ਹਾਂ ਬੂਟਿਆਂ ਦੁਆਲਿਓਂ ਜਿੰਨੀ ਛੇਤੀ ਹੋ ਸਕੇ, ਪਾਣੀ ਕੱਢ ਦਿਓ ਅਤੇ ਵੱਤਰ ਆਉਣ ਤੇ



ਹਲਕੀ ਗੋਡੀ ਕਰੋ ।

3. ਨਿੰਬੂ ਜਾਤੀ ਦੇ ਬੂਟਿਆਂ ਵਿਚ ਜ਼ਿੰਕ ਅਤੇ ਮੈਂਗਨੀਜ਼ ਸਲਫੇਟ (3.30 ਗ੍ਰਾਮ ਪ੍ਰਤੀ ਲਿਟਰ ਪਾਣੀ) ਨੂੰ ਮਿਲਾ ਕੇ ਛਿੜਕਾਅ ਕਰੋ ।

4. ਨਿੰਬੂ ਜਾਤੀ ਦੇ ਪੈਰ ਗਲ੍ਹਣ ਦੇ ਰੋਗ (ਫਾਈਟੋਪਥੋਰਾ) ਨੂੰ ਰੋਕਣ ਲਈ ਕਾਰਜ਼ੈਟ ਐਮ-8 ਪੇਂਟ ਦੇ ਤੌਰ 'ਤੇ ਬਿਮਾਰੀ ਵਾਲੇ ਤਣੇ ਤੇ ਲਗਾਓ ਅਤੇ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਜੁਲਾਈ-ਅਗਸਤ ਵਿਚ (25 ਗ੍ਰਾਮ ਪ੍ਰਤੀ 10 ਲਿਟਰ ਪਾਣੀ) ਚੰਗੀ ਤਰ੍ਹਾਂ ਭਿਉਂ ਦਿਉ ਇਸ ਦੇ ਬਦਲ ਵਜੋਂ ਸੋਡੀਅਮ ਹਾਈਪੋਕਲੋਰਾਈਟ (5%) ਨੂੰ 10 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟਿਆਂ ਦੀ ਛੱਤਰੀ ਹੇਠ ਮਿੱਟੀ ਅਤੇ ਮੁੱਖ ਤਣਿਆ ਨੂੰ ਗੜੁੱਚ ਕੀਤਾ ਜਾ ਸਕਦਾ ਹੈ । ਇਸ ਤੋਂ ਇਲਾਵਾ ਸੋਡੀਅਮ ਹਾਈਕਲੋਰਾਈਡ ਤੇ ਛਿੜਕਾਅ ਤੋਂ ਹਫਤੇ ਬਾਅਦ 100 ਗ੍ਰਾਮ ਟਰਾਈਕੋਫਰਮਾ ਐਸਪੈਰੇਲਮ ਫਾਰਮੂਲੇਸ਼ਨ ਨੂੰ 2.5 ਕਿਲੋ ਰੂੜੀ ਦੀ ਖਾਦ ਵਿਚ ਮਿਲਾ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟੇ ਦੀ ਛੱਤਰੀ ਹੇਠ ਪਾ ਕੇ ਵੀ ਇਸ ਰੋਗ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।

5. ਨਿੰਬੂ ਜਾਤੀ ਦੇ ਫਲਾਂ ਦੇ ਕੇਰੇ ਨੂੰ ਰੋਕਣ ਲਈ 2.4-ਡੀ ਸੋਡੀਅਮ ਸਾਲਟ (ਹਾਰਟੀਕਲਚਰਲ ਗ੍ਰੇਡ) 5 ਗ੍ਰਾਮ ਦਾ ਛਿੜਕਾਅ 500 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ । ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਸੰਤਰੇ, ਮਾਲਟੇ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਕਰੋ ।

6. ਅੰਗੂਰਾਂ ਦੇ ਕੋਹੜ ਅਤੇ ਪੀਲੇ ਧੱਬਿਆਂ ਦੀ ਰੋਕਥਾਮ ਲਈ ਅਗਸਤ ਦੇ ਆਖਿਰ ਵਿਚ ਬੋਰਡੋ ਮਿਸ਼ਰਣ ਦਾ ਛਿੜਕਾਅ 500 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ ।

7. ਨਿੰਬੂ ਜਾਤੀ ਦੇ ਫਲਾਂ ਵਿਚ ਫਲ ਦੀ ਮੱਖੀ ਦੀ ਰੋਕਥਾਮ ਲਈ ਅਗਸਤ ਦੇ ਦੂਜੇ ਹਫਤੇ 16 ਪੀ. ਏ. ਯੂ. ਫਰੂਟ ਟਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ ਲਗਾਓ ਅਤੇ ਲੋੜ ਪੈਣ ਤੇ ਦੁਬਾਰਾ ਟਰੈਪ ਲਾਓ ।

8. ਅਮਰੂਦਾਂ ਦੇ ਬਾਗਾਂ ਵਿਚ ਫਲ ਦੀ ਮੱਖੀ ਦੇ ਹਮਲੇ ਨਾਲ ਗ੍ਰਸਤ ਫਲਾਂ ਨੂੰ ਲਗਾਤਾਰ ਇਕੱਠਾ ਕਰਕੇ ਦਬਾਉਂਦੇ ਰਹੋ ।

**ਸਜਾਵਟੀ ਬੂਟੇ**

**ਪੱਕੇ ਬੂਟੇ** : ਸਦਾ ਬਹਾਰ ਸਜਾਵਟੀ ਰੁੱਖ ਝਾੜੀਆਂ ਅਤੇ ਵੇਲਾਂ ਨੂੰ ਇਸ ਮਹੀਨੇ ਵਿਚ ਵੀ ਲਾਇਆ ਜਾ ਸਕਦਾ ਹੈ ।

**ਗਮਲਿਆਂ ਵਾਲੇ ਬੂਟੇ** : ਦੋ ਤੋਂ ਤਿੰਨ ਸਾਲ ਪੁਰਾਣੇ ਗਮਲਿਆਂ ਵਾਲੇ ਬੂਟਿਆਂ ਨੂੰ ਗਮਲਿਆਂ ਵਿੱਚੋਂ ਕੱਢ ਕੇ, ਨਵੇਂ ਸਿਰਿਓਂ ਗਮਲੇ ਵਿਚ ਮਿੱਟੀ ਅਤੇ ਖਾਦ ਭਰ ਕੇ ਲਗਾਉਣਾ ਚਾਹੀਦਾ ਹੈ । ਪੁਰਾਣੇ ਪੌਦਿਆਂ ਦੀਆਂ ਜੜ੍ਹਾਂ ਦੀ ਲੋੜ ਅਨੁਸਾਰ ਕਾਂਟ-ਛਾਂਟ ਵੀ ਕੀਤੀ ਜਾ ਸਕਦੀ ਹੈ । ਗਮਲੇ ਵਾਲੇ ਬੂਟਿਆਂ ਨੂੰ ਨਿਖੇੜ ਕੇ ਪੌਦ ਵਾਧਾ ਵੀ ਇਸ ਮਹੀਨੇ ਕੀਤਾ ਜਾ ਸਕਦਾ ਹੈ ।

**ਘਾਹ** : ਪਹਿਲਾਂ ਤੋਂ ਤਿਆਰ ਕੀਤੀ ਜ਼ਮੀਨ ਵਿੱਚ, ਲਾਅਨ ਬਣਾਉਣ ਲਈ ਘਾਹ ਇਸ ਮਹੀਨੇ ਵਿਚ ਵੀ ਲਾਇਆ ਜਾ ਸਕਦਾ ਹੈ ਤਾਂ ਕਿ ਨਰਮ/ਗੱਦੇਦਾਰ ਲਾਅਨ ਬਣਾਇਆ ਜਾ ਸਕੇ । ਮੀਂਹ ਪੈਣ ਤੋਂ ਬਾਅਦ ਮਿੱਟੀ ਵਿਚ ਜ਼ਿਆਦਾ ਨਮੀਂ ਹੋਣ ਕਰਕੇ ਘਾਹ ਦੀ ਕਟਾਈ ਨਾ ਕਰੋ ।

**ਗੁਲਦਾਉਦੀ** : ਪਿਛਲੇ ਮਹੀਨੇ ਗਮਲਿਆਂ ਵਿਚ ਲਾਈਆਂ ਸਰਪੇ ਗੁਲਦਾਉਦੀ ਦੀਆਂ ਕਲਮਾਂ ਦੇ ਟੂਸਿਆਂ ਨੂੰ ਤੋੜ ਦੇਣਾ



ਚਾਹੀਦਾ ਹੈ ਤਾਂ ਜੋ ਵੱਧ ਫੁੱਲ ਲਏ ਜਾ ਸਕਣ । ਜਪਾਨੀ ਕਿਸਮਾਂ ਦੇ ਤਣੇ ਉੱਪਰੋਂ ਫੁੱਟ ਰਹੀਆਂ ਸ਼ਾਖਾਵਾਂ ਵੀ ਕੱਟਦੇ ਰਹੋ ਤਾਂ ਜੋ ਵੱਡੇ ਆਕਾਰ ਦੇ ਫੁੱਲ ਮਿਲ ਸਕੇ ।

**ਗੁਲਾਬ** : ਬੂਟਿਆਂ ਦੇ ਦੁਆਲੇ ਲਗਾਤਾਰ ਨਦੀਨ ਅਤੇ ਜੜ੍ਹ ਮੁੱਢ ਤੋਂ ਜੜੂੰਏ ਸਾਫ ਕਰੋ । ਬਾਰਿਸ਼ਾਂ ਦੀ ਵਜਾ ਕਰਕੇ ਰੈੱਡ ਸਕੇਲ ਕੀੜੇ ਦਾ ਹਮਲਾ ਹੋ ਸਕਦਾ ਹੈ । ਇਸ ਲਈ ਸਮੇਂ-ਸਮੇਂ ਸਿਰ ਬੂਟਿਆਂ ਦਾ ਨਿਰੀਖਣ ਕਰਦੇ ਰਹੋ ।

**ਦਰੱਖਤ ਝਾੜੀਆਂ ਅਤੇ ਵੇਲਾਂ** : ਦਰੱਖਤਾਂ ਦੇ ਬੀਜ ਸੋਧ ਕਰਕੇ ਵੀ ਇਸੇ ਮਹੀਨੇ ਨਰਸਰੀ ਬੈੱਡਾਂ ਉੱਪਰ ਬੀਜੇ ਜਾ ਸਕਦੇ ਹਨ । ਝਾੜੀਆਂ ਅਤੇ ਵੇਲਾਂ ਦੀਆਂ ਕਲਮਾਂ ਇਸ ਮਹੀਨੇ ਲਾਈਆਂ ਜਾ ਸਕਦੀਆਂ ਹਨ ।

**ਗੇਂਦਾ** : ਬੀਜ ਪੈਦਾ ਕਰਨ ਲਈ ਪੰਜਾਬ ਗੇਂਦਾ ਨੰ. 1 ਦੀ ਤਿਆਰ ਪਨੀਰੀ ਇਸ ਮਹੀਨੇ ਖੇਤ ਵਿਚ ਲਾਈ ਜਾ ਸਕਦੀ ਹੈ ।

**ਵਣ ਖੇਤੀ** : ਜ਼ਿਆਦਾਤਰ ਦਰੱਖਤ ਜਿਵੇਂ ਕਿ ਸਫੈਦਾ, ਕਿੱਕਰ, ਸੂਬਾਬੁਲ, ਟਾਹਲੀ, ਡੇਕ, ਨਿੰਮ, ਸਾਗਵਾਨ ਆਦਿ ਦੇ ਬੂਟੇ ਜੁਲਾਈ-ਅਗਸਤ (ਬਰਸਾਤੀ ਮੌਸਮ) ਵਿਚ ਲਗਾਉਣੇ ਚਾਹੀਦੇ ਹਨ । ਬੂਟੇ ਲਗਾਉਣ ਲਈ ਟੋਏ ਦਾ ਆਮਾਰ 50×50×50 ਸੈਂਟੀਮੀਟਰ ਜਿਸ ਵਿਚ 50% ਟੋਏ ਦੀ ਉੱਪਰਲੀ ਮਿੱਟੀ 50% ਗੋਹੇ ਦੀ ਖਾਦ ਪ੍ਰਤੀ ਟੋਆ ਮਿਲਾ ਕੇ ਭਰ ਲੈਣੀ ਚਾਹੀਦੀ ਹੈ । ਬੂਟੇ ਦਾ ਲਿਫਾਫਾ ਉਤਾਰ ਕੇ ਟੋਏ ਦੇ ਵਿਚਕਾਰ ਲਗਾਓ । ਇਹ ਧਿਆਨ ਰੱਖਿਆ ਜਾਵੇ ਕਿ ਲਿਫਾਫਾ ਉਤਾਰਨ ਵੇਲੇ ਜੜ੍ਹਾਂ ਅਤੇ ਮਿੱਟੀ ਦੀ ਚਾਕਲੀ ਨੂੰ ਨੁਕਸਾਨ ਨਾ ਹੋਵੇ । ਬੂਟਾ ਲਗਾ ਕੇ ਉਸੇ ਵੇਲੇ ਪਾਣੀ ਲਗਾ ਦਿਓ ।

**ਪਾਪਲਰ** : ਪਹਿਲੇ ਦੋ ਸਾਲ ਸਾਉਣੀ ਦੀਆਂ ਸਾਰੀਆਂ ਫਸਲਾਂ (ਝੋਨੇ ਤੋਂ ਇਲਾਵਾ) ਪਾਪਲਰ ਵਿਚ ਉਗਾਈਆਂ ਜਾ ਸਕਦੀਆਂ ਹਨ ਜਿਵੇਂ ਕਿ ਰੌਂਗੀ, ਮੱਕੀ , ਚਰੀ, ਬਾਜਰਾ, ਗਿੰਨੀ ਘਾਹ ਆਦਿ । ਪਾਪਲਰ ਤੇ ਭੱਬੂ ਕੁੱਤਾ ਅਤੇ ਪੱਤਾ ਲਪੇਟ ਸੁੰਡੀ ਦਾ ਹਮਲਾ ਇਸ ਸਮੇਂ ਕਾਫੀ ਹੁੰਦਾ ਹੈ । ਇਸ ਦੀ ਰੋਕਥਾਮ ਲਈ ਪ੍ਰਭਾਵਿਤ ਪੱਤਿਆਂ ਨੂੰ ਇਕੱਠਾ ਕਰਕੇ ਨਸ਼ਟ ਕਰ ਦਿਓ ਅਤੇ ਖੇਤਾਂ ਦੇ ਬੰਨਿਆਂ ਤੋਂ ਨਦੀਨਾਂ ਦੀ ਰੋਕਥਾਮ ਯਕੀਨੀ ਬਣਾਓ ।


**ਸ਼ਹਿਦ ਦੀਆਂ ਮੱਖੀਆਂ ਪਾਲਣਾ** : ਕਟੂੰਬਾਂ ਦਾ ਨਿਰੀਖਣ ਤੇਜ਼ੀ ਨਾਲ ਕਰੋ । ਖੁਰਾਕ ਦੀ ਘਾਟ ਅਤੇ ਬਾਹਰੋਂ ਖੁਰਾਕ ਦੀ ਆਮਦ ਦੀ ਅਣਹੋਂਦ ਦੀ ਸੂਰਤ ਵਿਚ ਇਕ ਹਿੱਸਾ ਖੰਡ ਅਤੇ ਇਕ ਹਿੱਸਾ ਪਾਣੀ ਦਾ ਘੋਲ ਬਣਾ ਕੇ ਦੇਰ ਸ਼ਾਮ ਵੇਲੇ ਸਾਰੇ ਕਟੂੰਬਾਂ ਨੂੰ ਖੁਰਾਕ ਵਜੋਂ ਦਿਓ । ਤਰਜ਼ੀਹ ਦੇ ਤੌਰ ਦੇ ਇਹ ਫੀਡ ਡਵੀਜ਼ਨ ਬੋਰਡ ਫੀਡਰ ਰਾਹੀਂ ਜਾਂ ਖਾਲੀ ਛੱਤਿਆਂ ਵਿਚ ਭਰ ਕੇ ਦਿਓ । ਰੌਬਿੰਗ ਤੋਂ ਬਚਣ ਅਤੇ ਲੋੜ ਪੈਣ ਤੇ ਇਸ ਦੇ ਰੋਕਣ ਦੇ ਉਪਰਾਲੇ ਕਰੋ । ਬਰੂਡ ਦੇ ਵਾਧੇ ਲਈ ਪੀ.ਏ.ਯੂ. ਪਰਾਗ ਬਦਲ (ਪੋਲਣ ਸਬਸਟੀਚਿਊਟ / ਸਪਲੀਮੈਂਟ ) ਖੁਰਾਕ ਦਿਓ । ਕਟੂੰਬਾਂ ਨੂੰ ਮੋਮੀ ਕੀੜੇ, ਕਾਲੇ ਕੀੜੇ, ਦੰਦਈਏ ਅਤੇ ਹਰੀ ਚਿੜੀਆਂ ਦੇ ਹਮਲੇ ਤੋਂ ਬਚਾਉ । ਵਾਧੂ ਸਟੋਰ ਕੀਤੇ ਛੱਤਿਆਂ ਨੂੰ ਵੀ ਮੋਮੀ ਕੀੜੇ ਦੇ ਹਮਲੇ ਤੋਂ ਬਚਾਉਣ ਲਈ ਗੰਧਕ ਦੀ ਧੂਣੀ ਦਿਓ । ਕਮਜ਼ੋਰ, ਰਾਣੀ-ਰਹਿਤ ਅਤੇ ਲੇਇੰਗ ਵਰਕਰ ਕਟੂੰਬਾਂ ਨੂੰ ਪੀ. ਏ. ਯੂ. ਦੁਆਰਾ ਸਿਫਾਰਸ਼ ਕੀਤੇ ਤਰੀਕੇ ਅਨੁਸਾਰ ਰਾਣੀ ਵਾਲੇ ਕਟੂੰਬਾਂ ਨਾਲ ਮਿਲਾਓ । ਕਟੂੰਬਾਂ ਨੂੰ ਉੱਚੇ ਸਟੈਂਡਾਂ ਉੱਤੇ ਹੀ ਰੱਖੋ ਅਤੇ ਥੋੜ੍ਹਾ ਜਿਹਾ ਮੂਹਰਲੇ ਪਾਸੇ ਝੁਕਾ ਕੇ ਰੱਖੋ ਤਾਂ ਮੀਂਹ ਦਾ ਪਾਣੀ ਕਟੂੰਬਾਂ ਦੇ ਅੰਦਰ ਵੜ ਅਤੇ ਖੜੋ ਨਾ ਸਕੇ । ਕਟੂੰਬਾਂ ਨੂੰ ਇਸ ਮੌਸਮ ਵਿਚ ਬਰਸਾਤੀ ਪਾਣੀ ਅਤੇ ਨਾਲਿਆਂ ਦੇ ਰਾਹ ਅਤੇ ਨੀਵੀਂ ਜਗ੍ਹਾ ਦੇ ਨਾ ਰੱਖੋ । ਕਟੂੰਬਾਂ ਨੂੰ ਉੱਚੇ ਥਾਂ ਤੇ ਰੱਖੋ ਤਾਂ ਕਿ ਕਟੂੰਬਾਂ ਨੂੰ ਹਵਾਦਾਰ ਰੱਖਿਆ ਜਾ ਸਕੇ । ਸ਼ਹਿਦ ਮੱਖੀ ਹਾਈਵ ਦੇ ਉੱਪਰਲੇ ਢੱਕਣ, ਜੋ ਕਿ ਜਿਸਤੀ ਚੱਦਰ ਨਾਲ ਉੱਪਰੋਂ ਢੱਕਿਆ ਹੋਵੇ, ਦੀ ਵਰਤੋਂ ਜ਼ਰੂਰਹ ਕਰੋ । ਕਟੂੰਬਾਂ ਦੇ ਹੇਠੋਂ ਅਤੇ ਆਸੇ-ਪਾਸਿਓਂ ਨਦੀਨਾਂ ਨੂੰ ਸਾਫ ਕਰਦੇ ਰਹੋ । ਅੰਦਰਲੇ ਢੱਕਣ ਦੇ ਸੈਂਟਰ ਵਿਚ ਫਿੱਟ ਜਾਲੀ ਦੇ ਸੁਰਾਖ ਪ੍ਰੋਪੋਲਿਸ ਨਾਲ ਬੰਦ ਨਹੀਂ ਹੋਣੇ ਚਾਹੀਦੇ, ਸਗੋਂ ਬਿਲਕੁਲ ਸਾਫ ਹੋਣੇ ਚਾਹੀਦੇ ਹਨ ।

**ਖੁੰਬਾਂ ਦੀ ਕਾਸ਼ਤ** : ਪਰਾਲੀ ਖੁੰਬ ਦੀ ਕਾਸ਼ਤ ਲਈ ਤਿਆਰ ਕੀਤੇ ਹੋਏ ਪਰਾਲੀ ਦੇ ਪੂਲਿਆਂ ਨੂੰ ਤਾਜ਼ੇ ਪਾਣੀ ਨਾਲ ਚੰਗੀ ਤਰ੍ਹਾਂ ਗਿੱਲਾ ਕਰਕੇ, ਬੈੱਡ ਬਣਾਓ ਅਤੇ ਬੀਜ ਰਲਾਓ । ਬੀਜ ਰਲਾਉਣ ਤੋਂ ਇਕ ਦਿਨ ਬਾਅਦ, ਪਰਾਲੀ ਦੇ ਬੈੱਡਾਂ ਨੂੰ



ਹਰ ਰੋਜ਼ ਦੋ ਵਾਰ ਪਾਣੀ ਦਾ ਛਿੜਕਾਅ ਕਰੋ । ਰੇਸ਼ਾ ਫੈਲਣ ਤੋਂ 12-14 ਦਿਨਾਂ ਬਾਅਦ ਖੁੰਬਾਂ ਫੁੱਟਣ ਲੱਗਦੀਆਂ ਹਨ । ਇਹਨਾਂ ਪਰਾਲੀ ਦੇ ਬੈੱਡਾਂ ਵਿਚ ਰੇਸ਼ਾ ਫੈਲਣ ਤੋਂ ਬਾਅਦ ਇਕ ਮਹੀਨੇ ਤਕ ਖੁੰਬਾਂ ਦੀ ਤੁੜਾਈ ਕੀਤੀ ਜਾ ਸਕਦੀ ਹੈ । ਫਸਲ ਦੀ ਤੁੜਾਈ ਤੋਂ ਬਾਅਦ, ਵਰਤੇ ਹੋਏ ਪਰਾਲੀ ਦੇ ਬੈੱਡਾਂ ਨੂੰ ਹਟਾ ਦਿਓ ਅਤੇ ਅਗਲੀ ਫਸਲ ਲਈ ਨਵੇਂ ਬੈੱਡ ਲਗਾਓ । ਇਸ ਮਹੀਨੇ ਦੌਰਾਨ ਮਿਲਕੀ ਖੁੰਬ ਦੀ ਤੁੜਾਈ ਵੀ ਜਾਰੀ ਰਹਿੰਦੀ ਹੈ ।

**ਡੇਅਰੀ ਫਾਰਮਿੰਗ** : ਫਾਰਮ ਤੇ ਫੋਗਰ ਜਾਂ ਫੁਹਾਰੇ ਤਾਪਮਾਨ ਅਨੁਸਾਰ ਵਰਤਦੇ ਰਹੋ । ਪੱਖੇ ਚਾਲੂ ਰੱਖੋ । ਜਾਨਵਰਾਂ ਦੇ ਜ਼ਖਮਾਂ ਨੂੰ ਕੋਈ ਨਾ ਕੋਈ ਮੱਲ੍ਹਮ ਲਗਾ ਕੇ ਕੀਟਾਣੂੰ ਅਤੇ ਮੱਖੀਆਂ ਤੋਂ ਬਚਾਉਣਾ ਚਾਹੀਦਾ ਹੈ । ਜ਼ਖਮ ਦੀ




ਦੇਖਭਾਲ ਲਈ ਨੇਗਾਸੰਟ ਪਾਊਡਰ ਪਾ ਕੇ ਟੋਪੀਕੇਰ ਜਾਂ ਲੋਰੈਕਸੇਨ ਟਿਊਬ ਲਗਾਓ । ਪਸ਼ੂਆਂ ਨੂੰ ਵਾਤਾਵਰਣ ਦੇ ਦਬਾਉ ਤੋਂ ਬਚਾਉਣ ਲਈ ਸ਼ੈੱਡ ਹਵਾਦਾਰ ਅਤੇ ਅਰਾਮਦੇਹ ਰੱਖਣੇ ਚਾਹੀਦੇ ਹਨ । ਇਹਨਾਂ ਦਿਨਾਂ ਵਿਚ ਹਰੇ ਦੀ ਘਾਟ ਹੋਣ ਕਾਰਨ ਸਾਈਲੇਜ ਜਾਂ ਚੁਕੰਦਰ ਦਾ ਆਚਾਰ ਤੂੜੀ ਨਾਲ ਰਲਾ ਕੇ ਵਰਤੋ । ਅਗਾਂਹਵਧੂ ਕਿਸਾਨ ਸਾਈਲੇਜ ਦੀ ਵਰਤੋਂ ਸਾਰਾ ਸਾਲ ਹੀ ਕਰਦੇ ਹਨ । ਹਰਾ ਚਾਰਾ ਅਤੇ ਖੁਰਾਕ ਦਿਨ ਦੇ ਠੰਡੇ ਸਮੇਂ ਦੌਰਾਨ ਦਿਓ । ਚਿੱਚੜਾਂ ਤੇ ਬਚਾਉਣ ਲਈ ਸ਼ੈੱਡ ਅੰਦਰ ਕੋਰਸੋਲਿਨ 10 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਵਿਚ ਘੋਲ ਕੇ ਅਤੇ ਪਸ਼ੂ ਉੱਪਰ ਬਿਊਟੋਕਸ/ਕਲੀਨਰ 2 ਇਹ ਦਵਾਈ ਦਾ ਛਿੜਕਾਅ 6 ਮਹੀਨੇ ਤੋਂ ਘੱਟ ਉਮਰ ਦੇ ਜਾਨਵਰਾਂ ਉੱਪਰ ਨਾ ਕਰੋ । ਖੁੰਜਿਆਂ ਅਤੇ ਤਰੇੜਾਂ ਵਿਚ ਜ਼ਰੂਰ ਛਿੜਕਾਅ ਕਰੋ । ਪੱਠਿਆਂ, ਪਾਣੀ ਅਤੇ ਖੁਰਾਕ ਦੇ ਛਿੜਕਾਅ ਨਾ ਹੋਦ ਦਿਓ । ਦਵਾਈ ਬਣਾਉਣ ਵਾਲੀ ਕੰਪਨੀ ਵਲੋਂ ਲਿਖੀਆਂ ਹਦਾਇਤਾਂ ਤੇ ਅਮਲ ਕਰੋ । ਪਸ਼ੂਆਂ ਨੂੰ ਮਲੱਪ ਰਹਿਤ ਕਰਨ ਲਈ ਖਾਣ ਜਾਂ ਪਿਲਾਣ ਵਾਲੀਆਂ ਦਵਾਈਆਂ ਦਿਓ । ਪਸ਼ੂ ਨੂੰ ਰੋਜ਼ਾਨਾ 30-35 ਕਿੱਲੋ ਹਰਾ ਚਾਰਾ, 1 ਤੋਂ ਡੇਢ ਕਿਲੋ ਤੂੜੀ, 50 ਗ੍ਰਾਮ ਨਮਕ ਅਤੇ 50 ਗ੍ਰਾਮ ਮਿਠਾ ਸੋਡਾ ਦਿਓ । ਗਾਵਾਂ ਇਕ ਕਿਲੋ ਖੁਰਾਕ ਪ੍ਰਤੀ ਢਾਈ ਕਿਲੋ ਦੁੱਧ ਉਤਪਾਦਨ ਅਤੇ ਮੱਝਾਂ ਨੂੰ 2 ਕਿਲੋਂ ਦੁੱਧ ਪਿਛੇ ਦਿਓ । ਜੇਕਰ ਪਸ਼ੂ ਪਿਸ਼ਾਬ ਪੀਲਾ ਕਰਦਾ ਹੈ ਤਾਂ ਪਸ਼ੂ ਨੂੰ ਪਾਣੀ ਘੱਟ ਮਿਲ ਰਿਹਾ ਹੈ । ਪਾਣੀ ਭਰਪੂਰ ਮਾਤਰਾ ਵਿਚ ਉਪਲੱਬਧ ਰੱਖੋ । ਪਸ਼ੂ ਦੀਆਂ ਅੱਖਾਂ, ਸੂਅ ਅਤੇ ਮੂੰਹ ਦੀ ਅੰਦਰੂਨੀ ਝਿੱਲੀ ਦੇਖਦੇ ਰਹੋ । ਜੇਕਰ ਸਫੇਦ ਜਾਂ ਪੀਲੀ ਨਜ਼ਰ ਆਵੇ ਅਤੇ ਤਾਪਮਾਨ 102 ਫਾਰਨਹੀਟ ਤੋਂ ਜ਼ਿਆਦਾ ਹੋਵੇ ਤਾਂ ਡਾਕਟਰ ਨਾਲ ਸੰਪਰਕ ਕਰੋ ।

**ਮੁਰਗੀ ਪਾਲਣ** : ਗਰਮੀਆਂ ਦੇ ਮੌਸਮ ਵਿਚ ਮੁਰਗੀਆਂ ਦੀ ਖੁਰਾਕ ਵਿਚ 15-20 ਪ੍ਰਤੀਸ਼ਤ ਤੱਕ ਪ੍ਰੋਟੀਨ, ਵਿਟਾਮਿਨ ਅਤੇ ਧਾਤਾਂ ਵਧਾ ਦੇਣੇ ਸਟੋਰ ਨਹੀਂ ਕਰਨਾ ਚਾਹੀਦਾ ਨਹੀਂ ਤਾਂ ਉੱਲੀ ਲੱਗ ਸਕਦੀ ਹੈ । ਮੁਰਗੀਆਂ ਹੇਠਲੀ ਸੁੱਕ ਨੂੰ ਸਿੱਲ੍ਹਾ ਨਹੀਂ ਹੋਣ ਦੇਣਾ ਚਾਹੀਦਾ । ਸੋ ਸੁੱਕ ਨੂੰ ਹਫਤੇ ਵਿਚ 2-3 ਵਾਰੀ ਹਿਲਾਉਂਦੇ ਰਹਿਣਾ ਚਾਹੀਦਾ ਹੈ । ਸ਼ੈਡ ਵਿਚ ਮੁਰਗੀਆਂ ਦੇ ਆਂਡੇ ਦੇਣ ਤੋਂ 1 ਤੋਂ 2 ਹਫਤੇ ਪਹਿਲਾਂ ਖੁੱਡੇ ਰੱਖ ਦਿਓ । ਫੀਡ ਸਵੇਰੇ ਅਤੇ ਸ਼ਾਮ ਨੂੰ ਦਿਓ ਅਤੇ ਦੁਪਹਿਰ ਸਮੇਂ ਬੰਦ ਕਰ ਦਿਓ । ਸ਼ੈੱਡ ਦਾ ਤਾਪਮਾਨ $26^0$ ਸੈਲਸੀਅਸ ਤੋਂ ਵੱਧ ਨਹੀਂ ਹੋਣ ਦੇਣਾ ਚਾਹੀਦਾ । ਮੁਰਗੀਆਂ ਦੀ ਸਿਹਤ ਦਾ ਇਸ ਮੌਸਮ ਵਿਚ ਖਾਸ ਖਿਆਲ ਰੱਖੋ । ਉਹਨਾਂ ਨੂੰ ਤਾਜ਼ਾ ਅਤੇ ਸਾਫ ਪਾਣੀ ਦਿਓ । ਪਾਣੀ ਵਿਚ ਇਲੈਕਟਰੋਲਾਈਟ 5 ਗ੍ਰਾਮ ਇਕ ਲਿਟਰ ਪਾਣੀ ਪ੍ਰਤੀ 100 ਮੁਰਗੀਆਂ ਪਾਓ ਜਾਂ ਫੀਡ ਵਿਚ 40-50 ਗ੍ਰਾਮ ਵਿਟਾਮਿਨ ਸੀ ਪ੍ਰਤੀ ਕੁਇੰਟਲ ਪਾਓ । ਜੇ ਮੁਰਗੀਆਂ ਵਿਚ ਕੋਈ ਬਿਮਾਰੀ ਜਾਂ ਆਂਡਿਆਂ ਵਿਚ ਗਿਰਾਵਟ ਆਵੇ ਤਾਂ ਮਾਹਿਰ ਨਾਲ ਸੰਪਰਕ ਕਰੋ । ਸ਼ੈੱਡ ਹਵਾਦਾਰ ਹੋਣੇ ਚਾਹੀਦੇ ਹਨ । ਇਸ ਕੰਮ ਲਈ ਛੱਤ ਵਾਲੇ ਪੱਖੇ ਜਾਂ ਹਵਾ ਬਾਹਰ ਸੁੱਟਣ ਵਾਲੇ ਪੱਖਿਆਂ ਦੀ ਮੱਦਦ ਲੈਣੀ ਚਾਹੀਦੀ ਹੈ ।



# ਖੇਤੀ ਲਈ ਸਹੀ ਵਿਉਂਤਬੰਦੀ, ਮਿਹਨਤ ਅਤੇ ਆਪਣੀ ਮੰਡੀ ਦਾ ਮਹੱਤਵ

**ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿੱਚੋਂ ਸਿਖਲਾਈ ਲੈ ਕੇ ਕਈ ਕਿਸਾਨਾਂ ਨੇ ਆਪਣੀਆਂ ਖੇਤੀ ਜਿਣਸਾਂ ਤੋਂ ਅਚਾਰ, ਚਟਣੀ, ਜੈਮ, ਮੁਰੱਬੇ ਤੇ ਹੋਰ ਪਦਾਰਥ ਬਣਾ ਕੇ ਡੱਬੇ ਬੰਦ ਕਰ ਕੇ ਯੂਨੀਵਰਸਿਟੀ ਦੇ ਕਿਸਾਨ ਮੇਲਿਆਂ ਵਿਚ ਲਿਆਉਣੀਆਂ ਸ਼ੁਰੂ ਕੀਤੀਆਂ । ਖਪਤਕਾਰਾਂ ਨੇ ਭਾਰੀ ਦਿਲਚਸਪੀ ਦਿਖਾਈ । ਹੁਣ ਹਰ ਛੇ ਮਹੀਨੇ ਬਾਅਦ ਲੱਗਣ ਵਾਲੇ ਇਸ ਮੇਲੇ ਵਿਚ ਜਿੰਨਾ ਵੱਡਾ ਬਾਜ਼ਾਰ ਕਿਸਾਨਾਂ ਦਾ ਲੱਗਦਾ ਹੈ, ਇੰਨਾ ਵੱਡਾ ਤੇ ਸਾਫ ਸੁਥਰਾ ਬਾਜ਼ਾਰ ਕਿਤੇ ਨਹੀਂ ਦੇਖਿਆ । ਇਸ ਵਿਸ਼ਾਲ ਮੇਲੇ ਵਿਚ ਸਭ ਤੋਂ ਵੱਧ ਭੀੜ ਬੀਜ ਵਿਕਰੀ ਕੇਂਦਰਾਂ ਅਤੇ ਕਿਸਾਨਾਂ ਤੇ ਕਿਸਾਨ ਬੀਬੀਆਂ ਦੀਆਂ ਤਿਆਰ ਵਸਤਾਂ ਵਾਲੇ ਬਾਜ਼ਾਰ ਵਿਚ ਜੁੜਦੀ ਹੈ । ਦੋ ਦਿਨਾਂ ਵਿਚ ਆਪਣੀਆਂ ਵਸਤਾਂ ਤੋਂ ਕਿਸਾਨ ਬੀਬੀਆਂ ਤੇ ਕਿਸਾਨ ਲੱਖ ਰੁਪਏ ਕਮਾ ਕੇ ਵਾਪਸ ਮੁੜਦੇ ਹਨ ।**



ਮਹਿੰਦਰ ਸਿੰਘ ਦੋਸਾਂਝ
ਮੋ. 94632-33991

ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਬਾਅਦ ਸੁਪਰੀਮ ਕੋਰਟ ਨੇ ਵੀ ਸ਼ੰਭੂ ਬਾਰਡਰ ਖੋਲ੍ਹਣ ਦਾ ਹੁਕਮ ਸੁਣਾਇਆ ਹੈ । ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ ਡੱਕਣ ਲਈ ਰੋਕਾਂ ਲਾਈਆਂ ਹੋਈਆਂ ਹਨ । ਇਨ੍ਹਾਂ ਰੁਕਾਵਟਾਂ ਅਤੇ ਕਿਸਾਨਾਂ ਨੇ ਧਰਨੇ ਕਰ ਕੇ ਰੋਜ਼ਾਨਾ ਯਾਤਰੀਆਂ ਨੂੰ ਪਰੇਸ਼ਾਨੀ ਹੋ ਰਹੀ ਸੀ ਹਾਲਾਂਕਿ ਧਰਨੇ ਕਰ ਕੇ ਬੰਦ ਹੋਈਆਂ ਮਾਲ ਗੱਡੀਆਂ ਰਾਹੀਂ ਪੰਜਾਬ ਦੇ ਕਿਸਾਨਾਂ ਵਾਸਤੇ ਬਾਹਰੋਂ ਖਾਦਾਂ ਤੇ ਰਸਾਇਣ, ਬਿਜਲੀ ਉਤਪਾਦਨ ਲਈ ਕੋਲਾ, ਮਸ਼ੀਨਰੀ ਤੇ ਖੇਤੀ ਦੀਆਂ ਹੋਰ ਲੋੜਾਂ ਲਈ ਸਮਾਨ ਪਹੁੰਚਣਾ ਸੀ ਤੇ ਕਿਸਾਨਾਂ ਦੀਆਂ ਖੇਤੀ ਜਿਣਸਾਂ ਖਰੀਦ ਕੇ ਬਾਹਰ ਭੇਜਣ ਦਾ ਕੰਮ ਹੋਣਾ ਸੀ । ਧਰਨੇ ਕਰ ਕੇ ਵਪਾਰੀ ਤੇ ਉਦਯੋਗਪਤੀ ਵੀ ਪਰੇਸ਼ਾਨ ਸਨ । ਇੱਕ ਅੰਦਾਜ਼ੇ ਅਨੁਸਾਰ, ਵਪਾਰੀਆਂ ਦਾ ਰੋਜ਼ਾਨਾ ਲਗਭਗ 750 ਕਰੋੜ ਦਾ ਨੁਕਸਾਨ ਹੋ ਰਿਹਾ ਹੈ ਅਤੇ ਲਗਭਗ 40 ਫੀਸਦੀ ਬਰਾਮਦਾਂ ਨੂੰ ਬਰੇਕ ਲੱਗ ਗਈ ਸੀ ।

ਆਪਣੀਆਂ ਵੱਖ-ਵੱਖ ਲੋੜਾਂ ਅਤੇ ਮੰਗਾਂ ਲਈ ਸਰਕਾਰਾਂ ਨਾਲ ਟਕਰਾਓ ਦੀਆਂ ਪਰੇਸ਼ਾਨੀਆਂ ਅਤੇ ਖੱਜਲ-ਖੁਆਰੀ ਤੋਂ ਬਚ ਕੇ ਖੇਤੀਬਾੜੀ ਦੇ ਵਿਕਾਸ ਤੇ ਖੁਸ਼ਹਾਲੀ ਲਈ ਕਈ ਬਦਲ ਤਲਾਸ਼ ਕੀਤੇ ਜਾ ਸਕਦੇ ਹਨ ਤੇ ਸਰਕਾਰਾਂ ਦੀਆਂ ਫਹੁੜੀਆਂ ਛੱਡ ਕੇ ਆਪਣੀਆਂ ਲੱਤਾਂ ਦੇ ਬਲ ਅੱਗੇ ਵਧਿਆ ਜਾ ਸਕਦਾ ਹੈ ਹਾਲਾਂਕਿ ਖਾਦਾਂ ਤੇ ਬੀਜਾਂ ਦਾ ਸਮੇਂ ਸਿਰ ਪ੍ਰਬੰਧ, ਟਿਊਬਵੈਲਾਂ ਲਈ ਬਿਜਲੀ ਦੀ ਦਿਨ ਵੇਲੇ ਲੋੜੀਂਦੀ ਸਪਲਾਈ, ਨਹਿਰਾਂ ਵਿਚ ਲੋੜੀਂਦੇ ਪਾਣੀ ਦੀ ਲੋੜ, ਖੰਡ ਮਿੱਲਾਂ ਵੱਲ ਰਹਿੰਦੇ ਬਕਾਏ ਤੇ ਅਜਿਹੀਆਂ ਹੋਰ ਲੋੜਾਂ 'ਤੇ ਵਿਚਾਰ ਕਰਨ ਲਈ ਕਿਸਾਨਾਂ ਤੇ ਸਰਕਾਰਾਂ ਨੂੰ ਬੈਠਣਾ ਚਾਹੀਦਾ ਹੈ ।

ਸਰਕਾਰਾਂ ਨਾਲ ਲੜਾਈਆਂ ਵਿੱਚੋਂ ਨਿਕਲ ਕੇ ਕਿਸਾਨਾਂ ਨੂੰ ਦੋ ਗੱਲਾਂ ਵੱਲ ਧਿਆਨ ਦੇਣ ਦੀ ਲੋੜ ਹੋਵੇਗੀ : ਪਹਿਲੀ, ਖੇਤੀ ਦੀ ਠੀਕ ਵਿਉਂਤਬੰਦੀ ; ਦੂਜੀ, ਆਪਣੀਆਂ ਮੰਡੀਆਂ ਵਿਕਸਿਤ ਕਰਨਾ ।

ਕੁਝ ਦਿਨ ਪਹਿਲਾਂ ਪੰਜਾਬ ਵਿਚ ਜਿਹੜੀਆਂ ਜਿਣਸਾਂ ਕਦੇ ਵੱਧ ਤੋਂ ਵੱਧ 10 ਰੁਪਏ ਕਿਲੋ ਤੇ ਘੱਟ ਤੋਂ ਘੱਟ ਦੋ ਰੁਪਏ ਕਿਲੋ ਵਿਕਦੀਆਂ ਸਨ, ਇਸ ਨਾਲ ਭਰ ਮੌਸਮ ਵਿਚ ਵੀ ਖਪਤਕਾਰਾਂ ਨੂੰ ਆਲੂ 20 ਰੁਪਏ, ਪਿਆਜ਼ 25 ਰੁਪਏ, ਟਮਾਟਰ 60 ਰੁਪਏ, ਖੀਰੇ 40 ਤੋਂ 60 ਰੁਪਏ ਕਿਲੋ ਮਿਲਦੇ ਰਹੇ ਹਨ । ਪੁਟਾਈ ਦੇ ਦਿਨਾਂ ਵਿਚ ਲਸਣ ਹੁਣ ਵੀ ਇਕ ਕਿਲੋ 200 ਰੁਪਏ ਤੋਂ ਉੱਪਰ ਵਿਕ ਰਿਹਾ ਹੈ । ਇਹੀ ਹਾਲ ਫਲਾਂ ਦਾ ਹੈ । ਉਂਝ, ਜੇ ਇਹ ਬਾਗਵਾਨੀ ਫਸਲਾਂ ਰਵਾਇਤੀ ਮੰਡੀਆਂ ਅਤੇ ਪੁਰਾਣੇ ਢੰਗਾਂ ਤਰੀਕਿਆਂ ਨਾਲ ਹੀ ਉਗਾਉਣੀਆਂ ਤੇ ਵੇਚਣੀਆਂ ਹਨ ਤਾਂ ਕਿਸਾਨਾਂ ਨੂੰ ਇਨ੍ਹਾਂ ਜਿਣਸਾਂ ਦੇ ਵਧੇ ਭਾਅ ਦਾ ਕੋਈ ਫਾਇਦਾ ਨਹੀਂ ਹੋਵੇਗਾ ।

ਕਣਕ ਝੋਨੇ ਦੀ ਬਿਜਾਈ, ਲਵਾਈ ਤੇ ਕਟਾਈ ਲਈ ਦਰਮਿਆਨੇ ਕਿਸਾਨ ਨੂੰ ਖੇਤਾਂ ਵਿਚ ਕੇਵਲ ਇਕ ਮਹੀਨਾ ਕੰਮ ਕਰਨਾ ਪੈਂਦਾ ਹੈ ਤੇ ਵਿਹਲ ਵਾਲੇ 11 ਮਹੀਨਿਆਂ ਵਿਚ ਬਹੁਤੇ ਕਿਸਾਨ ਨਹੀਂ ਸੋਚਦੇ ਕਿ ਆਪਣੀ ਤੇ ਨੇੜੇ ਦੇ ਲੋਕਾਂ ਦੀ ਲੋੜ ਵਾਸਤੇ ਪੰਜ ਸੱਤ ਬੂਟੇ ਫਲਾਂ ਦੇ ਲਾ ਲਏ ਜਾਣ ; ਪੰਜ ਸੱਤ ਮਰਲੇ ਸਬਜ਼ੀ ਬੀਜ ਲਈ ਜਾਵੇ । ਪੰਜ ਚਾਰ ਕਿਸਾਨ ਰਲ ਕੇ ਗੰਨੇ ਤੋਂ ਗੁੜ ਸ਼ੱਕਰ ਬਣਾ ਸਕਦੇ ਹਨ । ਜਿਨ੍ਹਾਂ ਵਿਰਲੇ ਟਾਵੇਂ ਕਿਸਾਨਾਂ ਨੇ ਅਜਿਹੀ ਲੋੜ ਲਈ ਵੇਲਣੇ ਲਾਏ ਹੋਏ ਹਨ, ਉੱਥੇ ਗੁਣ ਸ਼ੱਕਰ ਦੇ ਖਪਤਕਾਰਾਂ ਦੀਆਂ ਲਾਈਨਾਂ ਲੱਗੀਆਂ ਰਹਿੰਦੀਆਂ ਹਨ । ਆਮ ਕਿਸਾਨ ਵੀ 80 ਰੁਪਏ ਕਿਲੋ ਗੁੜ ਤੇ 100 ਰੁਪਏ ਨੂੰ ਕਿਲੋ ਸ਼ੱਕਰ ਖਰੀਦ ਕੇ ਖਾਂਦੇ ਹਨ ।

ਆਪਣੀ ਲੋੜ ਲਈ ਆਪਣੇ ਖੇਤਾਂ ਵਿਚ ਸੰਤੁਲਤ ਖੁਰਾਕ ਪੈਦਾ ਕਰਨ ਲਈ ਆਮ ਕਿਸਾਨਾਂ ਨੇ ਕਦੇ ਨਹੀਂ ਸੋਚਿਆ, ਮੈਡੀਕਲ ਜਨਰਲ 'ਦਿ ਲੈਸਿਟ' ਦੀ ਖੋਜ ਤੇ ਰਿਪੋਰਟ ਅਨੁਸਾਰ, ਨਰੋਈ ਸਿਹਤ ਤੇ ਲੰਮੀ ਉਮਰ ਲਈ ਪੰਜਾਂ ਜੀਆਂ ਵਾਲੇ ਪਰਿਵਾਰ ਨੂੰ ਮਹੀਨੇ ਵਿਚ ਸਾਢੇ ਤਿੰਨ ਹਜ਼ਾਰ ਰੁਪਏ ਦੀਆਂ ਖੁਰਾਕੀ ਵਸਤਾਂ ਲੋੜੀਂਦੀਆਂ ਹਨ, ਦੂਜੇ ਵਰਗਾਂ ਦੇ ਲੋਕਾਂ ਨੂੰ ਤਾਂ ਇਹ ਵਸਤਾਂ ਮਹਿੰਗੇ ਭਾਅ ਖਰੀਦਣੀਆਂ ਹੀ ਪੈਣਗੀਆਂ ਪਰ ਕਿਸਾਨ ਇਹ ਵਸਤਾਂ ਆਪਣੇ ਖੇਤਾਂ ਵਿਚ ਪੈਦਾ ਕਰ ਸਕਦੇ ਹਨ । ਇਨ੍ਹਾਂ ਵਸਤਾਂ ਲਈ ਕੋਈ ਬਹੁਤ ਜ਼ਮੀਨ ਚਾਹੀਦੀ ਹਾਲਾਂਕਿ ਇੱਕ ਏਕੜ ਵਾਲੇ ਕਿਸਾਨ ਵੀ ਆਪਣੀ ਜ਼ਮੀਨ ਵਿਚ ਕਣਕ ਝੋਨਾ ਬੀਜ ਰਹੇ ਹਨ ।

ਤਿੰਨ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਦਿੱਲੀ ਵਿਚ ਵਿੱਢੇ ਅੰਦੋਲਨ ਰਾਹੀਂ ਕਿਸਾਨਾਂ ਨੇ ਸਾਰੇ ਦੇਸ਼ ਦੁਨੀਆਂ ਦਾ ਵਿਸ਼ਵਾਸ ਤੇ ਸਹਿਯੋਗ ਹਾਸਿਲ ਕੀਤਾ ਸੀ । ਹੁਣ ਅੰਦੋਲਨ ਅਤੇ ਲੜਾਈਆਂ ਵਿੱਚੋਂ ਨਿਕਲ ਕੇ ਦੇਸ਼ ਦੇ ਖਪਤਕਾਰਾਂ ਦਾ ਵਿਸ਼ਵਾਸ ਪ੍ਰਾਪਤ ਕਰਨ ਦੀ ਲੋੜ ਹੈ । ਕਿਸਾਨ ਸੰਸਥਾਵਾਂ ਨੂੰ ਰਲ ਕੇ ਹਰ ਪਿੰਡ ਵਿੱਚ ਕਿਸਾਨ ਅਤੇ ਖਪਤਕਾਰ ਕੇਂਦਰ ਬਣਾਉਣ ਦੀ ਮੁਹਿੰਮ ਚਲਾਉਣੀ ਚਾਹੀਦੀ ਹੈ । ਮੰਡੀ ਵਿਚ ਜਿਣਸਾਂ ਵੇਚਣ ਤੇ ਪਰਚੂਨ ਵਿਚ ਖਰੀਦਣ ਦੇ ਵਿਚਕਾਰ ਜੋ ਮੁਨਾਫਾ ਹੋਵੇ, ਉਹ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ : ਇੱਕ ਹਿੱਸਾ ਕਿਸਾਨ ਦਾ, ਇਕ ਖਪਤਕਾਰ ਦਾ ਤੇ ਇੱਕ ਵਿਕਰੀ ਕੇਂਦਰ ਦੇ ਸੰਚਾਲਣ ਲਈ ਰੱਖਿਆ ਜਾਵੇ । ਇਉਂ ਖਪਤਕਾਰਾਂ ਨੂੰ ਸਸਤੀਆਂ ਤੇ ਤਾਜ਼ੀਆਂ ਸਬਜ਼ੀਆਂ ਅਤੇ ਫਲ ਮਿਲ ਸਕਣਗੇ । ਇਸ ਦੇ ਨਾਲ-ਨਾਲ ਬੇਜ਼ਮੀਨੇ ਤੇ ਛੋਟੇ ਕਿਸਾਨਾਂ ਨੂੰ ਵਿਕਰੀ ਕੇਂਦਰਾਂ ਵਿਚ ਰੁਜ਼ਗਾਰ ਮਿਲ ਸਕੇਗਾ । ਇਨ੍ਹਾਂ ਵਿਕਰੀ ਕੇਂਦਰਾਂ ਨਾਲ ਜੁੜੇ ਕਿਸਾਨਾਂ ਨੂੰ ਖੇਤੀਬਾੜੀ ਨਾਲ ਸਬੰਧਿਤ ਸਰਕਾਰੀ ਵਿਭਾਗਾਂ ਤੋਂ ਸਹੀ ਕੀਮਤਾਂ 'ਤੇ ਬੀਜ ਬੂਟੇ ਤੇ ਇਨ੍ਹਾਂ ਦੀ ਕਾਸ਼ਤ ਲਈ ਮੁਫਤ ਸਿਖਲਾਈ ਮਿਲ ਸਕਦੀ ਹੈ ।

ਮੈਂ ਸੋਲਨ (ਹਿਮਾਚਲ ਪ੍ਰਦੇਸ਼) ਵਿਚ ਵਣਾਂ ਤੇ ਫਲਾਂ ਨਾਲ ਸਬੰਧਿਤ ਡਾ. ਵਾਈ ਐੱਸ ਪਰਮਾਰ ਯੂਨੀਵਰਸਿਟੀ ਅਤੇ ਹਿਮਾਚਲ ਦੇ ਪ੍ਰਗਤੀਸ਼ੀਲ ਬਾਗਵਾਨਾਂ ਨਾਲ ਵਿਚਾਰਿਆ ਸੀ ਕਿ ਹਿਮਾਚਲ 'ਚ ਪੰਜਾਬ ਦੀਆਂ ਅਤੇ ਪੰਜਾਬ 'ਚ ਹਿਮਾਚਲ ਦੀਆਂ ਖੇਤੀ ਜਿਣਸਾਂ ਦੇ ਵਿਕਰੀ ਕੇਂਦਰ ਚਾਲੂ ਕੀਤੇ ਜਾਣ । ਅਸੀਂ ਹਿਮਾਚਲ ਦੇ ਖੇਤਾਂ ਅਤੇ ਬਾਗਾਂ ਤੋਂ ਸਿੱਧੇ ਫਲ ਤੇ ਆਫ ਸੀਜ਼ਨ ਵਿਚ ਸਬਜ਼ੀਆਂ ਪੰਜਾਬ ਵਿਚ ਲਿਆਉਣ ਵਾਲੀਆਂ ਗੱਡੀਆਂ ਵਿਚ ਹਿਮਾਚਲ ਦੇ ਵਿਕਰੀ ਕੇਂਦਰਾਂ ਲਈ ਗੁੜ, ਸ਼ੱਕਰ, ਬਾਸਮਤੀ, ਮੈਦਾਨਾਂ ਵਾਲੇ ਫਲ ਤੇ ਬੇਮੌਸਮੀ ਸਬਜ਼ੀਆਂ ਭੇਜੀਏ । ਇਸ ਸਕੀਮ ਨੂੰ ਹਿਮਾਚਲ ਵਾਲਿਆਂ ਨੇ ਪਸੰਦ ਕੀਤਾ ਪਰ ਪੰਜਾਬ ਦੇ ਕਿਸਾਨ ਆਗੂਆਂ ਨੇ ਕੋਈ ਉਤਸ਼ਾਹ ਨਾ ਦਿਖਾਇਆ ।

ਕੁਝ ਸਾਲ ਪਹਿਲਾਂ ਜ਼ੋਰ ਅਤੇ ਸਲਾਹ ਦੇਣ 'ਤੇ ਪੰਜਾਬ ਮੰਡੀ ਬੋਰਡ ਨੇ ਲੁਧਿਆਣੇ ਮੰਡੀ ਵਿਚ ਫਲ ਅਤੇ ਫੁੱਲ ਲੰਮਾ ਸਮਾਂ ਤਾਜ਼ੇ ਰੱਖਣ ਲਈ ਕਿਸਾਨਾਂ ਵਾਸਤੇ ਕੋਲਡ ਸਟੋਰ ਬਣਾਇਆ ਤਾਂ ਕਿ ਮੰਡੀ ਬੋਰਡ ਨੇ ਲੁਧਿਆਣੇ ਮੰਡੀ ਵਿਚ ਫਲ ਅਤੇ ਫੁੱਲ ਲੰਮਾ ਸਮਾਂ ਤਾਜ਼ੇ ਰੱਖਣ ਲਈ ਕਿਸਾਨਾਂ ਵਾਸਤੇ ਕੋਲਡ ਸਟੋਰ ਬਣਾਇਆ ਤਾਂ ਕਿ ਮੰਦੇ ਵਿਚ ਕਿਸਾਨ ਇਸ ਸਟੋਰ ਵਿਚ ਆਪਣੇ ਫਲ ਫੁੱਲ ਰੱਖ ਕੇ ਮਹਿੰਗਾਈ ਸਮੇਂ ਵੇਚ ਸਕਣ ਪਰ ਕਿਸਾਨਾਂ ਨੇ ਇਸ ਸਹੂਲਤ ਵੱਲ ਵੀ ਕੋਈ ਧਿਆਨ ਨਾ ਦਿੱਤਾ ਹਾਲਾਂਕਿ ਬਿਜਲੀ ਦੇ ਖਰਚੇ ਤੋਂ ਬਿਨਾਂ ਆਪਣਾ ਮਾਲ ਇਸ ਸਟੋਰ ਵਿਚ ਰੱਖਣ ਲਈ ਕਿਸਾਨਾਂ ਤੋਂ ਕਿਰਾਇਆ ਨਾ ਲੈਣ ਦੀ ਸਹੂਲਤ ਵੀ ਸੀ । ਅੰਤ ਰੇੜ੍ਹੀਆਂ ਫੜ੍ਹੀਆਂ ਅਤੇ ਦੁਕਾਨਾਂ ਵਾਲਿਆਂ ਨੇ ਹੀ ਮਾਲ ਖਰੀਦ ਕੇ ਇਸ ਸਟੋਰ ਵਿੱਚ ਰੱਖਣ ਦੀ ਸਹੂਲਤ ਤੋਂ ਲਾਭ ਉਠਾਇਆ ।

ਉਂਝ, ਹਿੰਮਤੀ ਕਿਸਾਨਾਂ ਨਾਲ ਸਬੰਧਿਤ ਇਕ ਘਟਨਾ ਯਾਦ ਆ ਰਹੀ ਹੈ । ਮੇਰੇ ਜ਼ਿਲ੍ਹੇ ਦੇ ਪਿੰਡ ਗੋਸਲਾਂ ਦੇ ਕਿਸਾਨ ਟਰਾਲੀ ਵਿਚ ਫੁੱਲ ਗੋਭੀ ਲੱਦ ਕੇ ਬੰਗਾ ਮੰਡੀ ਲੈ ਗਏ । ਉੱਥੇ ਫੁੱਲ ਗੋਭੀ ਦਾ ਵੱਧ ਤੋਂ ਵੱਧ ਭਾਅ ਪੰਜ ਰੁਪਏ ਕਿਲੋ ਸੀ ਪਰ ਮੰਡੀ ਦੇ ਫੜ੍ਹਾਂ ਦੇ ਨਾਲ ਹੀ ਪਰਚੂਨ ਵਿਚ ਫੁੱਲ ਗੋਭੀ 20 ਰੁਪਏ ਕਿਲੋ ਵਿਕ ਰਹੀ ਸੀ । ਕਿਸਾਨਾਂ ਨੇ ਟਰਾਲੀ ਮੰਡੀ ਵਿੱਚੋਂ ਕੱਢ ਕੇ ਜਿੱਥੇ ਫਿਲੌਰ ਤੇ ਫਗਵਾੜੇ ਵੱਲ ਜਾਣ ਵਾਲੀਆਂ ਦੋ ਮੁੱਖ ਸੜਕਾਂ ਇਕੱਠੀਆਂ ਹੁੰਦੀਆਂ ਹਨ, ਉੱਥੇ ਲਿਆ ਕੇ ਖੜ੍ਹੀ ਕਰ ਦਿੱਤੀ ਤੇ ਫੁੱਲ ਗੋਭੀ ਦਸ ਰੁਪਏ ਕਿਲੋ ਵੇਚਣ ਦਾ ਐਲਾਨ ਕਰ ਦਿੱਤਾ । ਟਰਾਲੀ ਵਿਚ ਲੱਦੀ ਅੱਧੀ ਤੋਂ ਵੱਧ ਫੁੱਲ ਗੋਭੀ ਘੰਟੇ ਵਿਚ ਹੀ ਵਿਕ ਗਈ ਸੀ । ਉਨ੍ਹਾਂ ਝੱਟ ਦੂਜੀ ਟਰਾਲੀ ਮੰਗਵਾ ਲਈ । ਕਿਸਾਨਾਂ ਦੀ ਫੁੱਲ ਗੋਭੀ, ਬੰਦ ਗੋਭੀ ਤੇ ਮੂਲੀਆਂ ਧੜਾ-ਧੜ ਵਿਕ ਰਹੀਆਂ ਸਨ ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿੱਚੋਂ ਸਿਖਲਾਈ ਲੈ ਕੇ ਕਈ ਕਿਸਾਨਾਂ ਨੇ ਆਪਣੀਆਂ ਖੇਤੀ ਜਿਣਸਾਂ ਤੋਂ ਅਚਾਰ, ਚਟਣੀ, ਜੈਮ, ਮੁਰੱਬੇ ਤੇ ਹੋਰ ਪਦਾਰਥ ਬਣਾ ਕੇ ਡੱਬੇ ਬੰਦ ਕਰ ਕੇ ਯੂਨੀਵਰਸਿਟੀ ਦੇ ਕਿਸਾਨ ਮੇਲਿਆਂ ਵਿਚ ਲਿਆਉਣੀਆਂ ਸ਼ੁਰੂ ਕੀਤੀਆਂ । ਖਪਤਕਾਰਾਂ ਨੇ ਭਾਰੀ ਦਿਲਚਸਪੀ ਦਿਖਾਈ । ਹੁਣ ਹਰ ਛੇ ਮਹੀਨੇ ਬਾਅਦ ਲੱਗਣ ਵਾਲੇ ਇਸ ਮੇਲੇ ਵਿਚ ਜਿੰਨਾ ਵੱਡਾ ਬਾਜ਼ਾਰ ਕਿਸਾਨਾਂ ਦਾ ਲੱਗਦਾ ਹੈ, ਇੰਨਾ ਵੱਡਾ ਤੇ ਸਾਫ ਸੁਥਰਾ ਬਾਜ਼ਾਰ ਕਿਤੇ ਨਹੀਂ ਦੇਖਿਆ । ਇਸ ਵਿਸ਼ਾਲ ਮੇਲੇ ਵਿਚ ਸਭ ਤੋਂ ਵੱਧ ਭੀੜ ਬੀਜ ਵਿਕਰੀ ਕੇਂਦਰਾਂ ਅਤੇ ਕਿਸਾਨਾਂ ਤੇ ਕਿਸਾਨ ਬੀਬੀਆਂ ਦੀਆਂ ਤਿਆਰ ਵਸਤਾਂ ਵਾਲੇ ਬਾਜ਼ਾਰ ਵਿਚ ਜੁੜਦੀ ਹੈ । ਦੋ ਦਿਨਾਂ ਵਿਚ ਆਪਣੀਆਂ ਵਸਤਾਂ ਤੋਂ ਕਿਸਾਨ ਬੀਬੀਆਂ ਤੇ ਕਿਸਾਨ ਲੱਖ ਰੁਪਏ ਕਮਾ ਕੇ ਵਾਪਸ ਮੁੜਦੇ ਹਨ । ਹੁਣ ਪੰਜਾਬ ਵਿਚ ਕਈ ਕ੍ਰਿਸ਼ੀ ਵਿਗਿਆਨ



ਕੇਂਦਰਾਂ ਤੇ ਖੇਤਰੀ ਖੋਜ ਕੇਂਦਰਾਂ ਵਿਚ ਲੱਗਣ ਵਾਲੇ ਖੇਤੀ ਮੇਲਿਆਂ ਵਿਚ ਵੀ ਕਿਸਾਨ ਆਪਣੀ ਸਮੱਗਰੀ ਵੇਚ ਕੇ ਲਾਭ ਉਠਾ ਰਹੇ ਹਨ । ਆਮ ਕਿਸਾਨਾਂ ਨੂੰ ਇਹ ਮੇਲੇ ਦੇਖਣੇ ਚਾਹੀਦੇ ਹਨ ਅਤੇ ਆਪਣੀਆਂ ਖੇਤੀ ਜਿਣਸਾਂ ਤੇ ਇਨ੍ਹਾਂ ਜਿਣਸਾਂ ਤੋਂ ਤਿਆਰ ਪਦਾਰਥ ਵੇਚਣੇ ਚਾਹੀਦੇ ਹਨ ।

## ਸਾਉਣੀ ਰੁੱਤ ਦੀ

# ਮੱਕੀ ਨੂੰ ਕੀੜੇ-ਮਕੌੜਿਆਂ ਤੋਂ ਬਚਾਓ

**ਜਵਾਲਾ ਜਿੰਦਲ, ਕਮਲਜੀਤ ਸਿੰਘ ਸੰਘਾ ਅਤੇ ਮਨਿੰਦਰ ਸਿੰਘ ਬੌਂਸ,**
**ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 99884-01521)**

**ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।**

★ ਨਾਲ ਲਗਦੇ ਖੇਤਾਂ ਵਿਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫੇ ਤੇ ਨਾ ਕਰੀਏ ਤਾਂ ਜੋ ਕੀੜੇ ਦੇ ਵਧਣ-ਫੁੱਲਣ ਅਤੇ ਫੈਲਣ ਨੂੰ ਰੋਕਿਆ ਜਾ ਸਕਦਾ ਹੈ ।

★ ਆਂਡਿਆਂ ਦੇ ਝੁੰਡਾਂ ਨੂੰ ਨਸ਼ਟ ਕਰ ਦਿਓ । ਆਂਡਿਆਂ ਦੇ ਝੁੰਡ ਲੂਈ ਨਾਲ ਢਕੇ ਹੁੰਦੇ ਹਨ ਅਤੇ ਆਸਾਨੀ ਨਾਲ ਦਿਖ ਜਾਂਦੇ ਹਨ ।

★ ਲੋੜ ਅਨੁਸਾਰ, ਹੇਠਾਂ ਦੱਸੇ ਤਰ੍ਹਾਂ ਕੀਟਨਾਸ਼ਕਾਂ ਨਾਲ ਰੋਕਥਾਮ ਕੀਤੀ ਜਾ ਸਕਦੀ ਹੈ :

--0.5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ (ਸਪਾਈਨੇਟੋਰਮ) ਜਾਂ 0.4 ਮਿਲੀਲਿਟਰ ਕੋਰਾਜਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ । ਫਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 120-200 ਲਿਟਰ ਪ੍ਰਤੀ ਏਕੜ ਵਰਤੋ ।

--ਛਿੜਕਾਅ ਲਈ ਸਿਰਫ ਗੋਲ ਨੋਜ਼ਲ ਦੀ ਹੀ ਵਰਤੋਂ ਕਰੋ । ਸਪਰੇਅ ਦੀ ਦਿਸ਼ਾ ਮੱਕੀ ਦੀ ਗੋਭ ਵੱਲ ਕਰੋ ਤਾਂ ਜੋ ਸੁੰਡੀ ਉੱਪਰ ਕੀਟਨਾਸ਼ਕ ਦਾ ਸਿੱਧਾ ਅਸਰ ਹੋਵੇ ।

--ਜੇ ਹਮਲਾ ਕੁੱਝ ਬੂਟਿਆਂ ਤੇ ਹੋਵੇ ਜਾਂ ਫਸਲ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿਚ ਮੁਸ਼ਕਿਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾਓ (ਲਗਭਗ ਅੱਧਾ ਗ੍ਰਾਮ ਪ੍ਰਤੀ ਗੋਭ)।

★ ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ (ਸਪਾਈਨੇਟੋਰਮ) ਜਾਂ 0.4 ਮਿਲੀਲਿਟਰ ਕੋਰਾਜਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 5 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਨੂੰ 10 ਮਿਲੀਲਿਟਰ ਪਾਣੀ ਵਿਚ ਘੋਲ ਕੇ ਇਕ ਕਿਲੋ ਮਿੱਟੀ ਵਿਚ ਚੰਗੀ ਤਰ੍ਹਾਂ ਰਲਾਓ । ਮਿਸ਼ਰਣ ਬਣਾਉਣ ਅਤੇ ਪਾਉਣ ਸਮੇਂ ਦਸਤਾਨੇ ਜ਼ਰੂਰ ਪਾਓ ।

★ ਬੈਸੀਲਸ ਥੁਰੀਨਜਿਐਨਸਿਸ (ਬੀ. ਟੀ.) ਆਧਾਰਿਤ ਜੈਵਿਕ ਕੀਟਨਾਸ਼ਕਾਂ ਦੀ ਵਰਤੋਂ ਨੂੰ ਤਰਜੀਹ ਦਿਓ । ਇਸ ਨਾਲ ਕੁਦਰਤੀ ਤੌਰ ਤੇ ਮਿਲਣ ਵਾਲੇ ਮਿੱਤਰ ਕੀੜੇ ਜਿਵੇਂ ਕਿ ਕੀਲੋਨਸ ਫੌਰਮੋਸੈਨਸ, ਕੋਪਲੈਟਿਸ, ਕੋਕਸੀਨੈਲਿਡ ਆਦਿ ਵੀ ਕਾਫੀ ਸੰਖਿਆ ਵਿਚ ਵਧ ਜਾਂਦੇ ਹਨ । 25 ਗ੍ਰਾਮ ਡੇਲਫਿਨ ਡਬਲਯੂ ਜੀ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਜਾਂ 25 ਮਿਲੀਲਿਟਰ ਡਾਈਪਲ 8 ਐੱਲ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਨੂੰ ਇਕ ਕਿਲੋ ਮਿੱਟੀ ਵਿਚ ਚੰਗੀ ਤਰ੍ਹਾਂ ਮਿਲਾਓ ਅਤੇ ਮਿਸ਼ਰਣ (ਲਗਭਗ ਅੱਧਾ ਗ੍ਰਾਮ ਪ੍ਰਤੀ ਗੋਭ) ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾਓ ।

ਕਿਸਾਨਾਂ ਨੂੰ ਇਸ ਕੀੜੇ ਦੇ ਹਮਲੇ ਤੋਂ ਘਬਰਾਉਣ ਦੀ ਲੋੜ ਨਹੀਂ ਕਿਉਂਕਿ ਸਮੇਂ ਸਿਰ ਅਤੇ ਵਿਆਪਕ ਪੱਧਰ ਤੇ ਉਪਰਾਲੇ ਕਰਨ ਨਾਲ ਫਸਲ ਦਾ ਨੁਕਸਾਨ ਘਟਾਇਆ ਜਾ ਸਕਦਾ ਹੈ ।

**ਮੱਕੀ ਦੇ ਗੜੂੰਏ ਦੀ ਪਛਾਣ ਅਤੇ ਜੀਵਨ ਚੱਕਰ** : ਪੰਜਾਬ ਵਿਚ ਮੱਕੀ ਉੱਪਰ ਇਸਦਾ ਹਮਲਾ ਅਪ੍ਰੈਲ ਵਿਚ ਸ਼ੁਰੂ ਹੋ ਜਾਂਦਾ ਹੈ ਪਰ ਮੁੱਖ ਰੂਪ ਵਿਚ ਇਹ ਸਾਉਣੀ ਰੁੱਤ ਦੀ ਅਗੇਤੀ ਬੀਜੀ ਹੋਈ ਫਸਲ ਨੂੰ ਨੁਕਸਾਨ ਪਹੁੰਚਾਉਂਦਾ ਹੈ । ਇਸ ਦੇ ਘਸਮੈਲੇ ਰੰਗ ਦੇ ਪਤੰਗੇ 10 ਤੋਂ 15 ਦਿਨ ਦੀ ਫਸਲ ਉੱਪਰ ਆਂਡੇ ਦੇਣਾ ਪਸੰਦ ਕਰਦੇ ਹਨ । ਇਸ ਤੱਥ ਨੂੰ ਧਿਆਨ ਵਿਚ ਰੱਖਦੇ ਹੋਏ ਇਸਦੀ ਰੋਕਥਾਮ ਫਸਲ ਦੀ ਮੁੱਢਲੀ ਅਵਸਥਾ ਵਿਚ ਜ਼ਰੂਰੀ ਵੀ ਹੈ ਅਤੇ ਅਸਾਨੀ ਨਾਲ ਕੀਤੀ ਜਾ



ਸਕਦੀ ਹੈ । ਆਪਣੇ ਜੀਵਨ ਕਾਲ ਦੌਰਾਨ ਇਕ ਮਾਦਾ ਪਤੰਗਾ ਤਕਰੀਬਨ 300 ਆਂਡੇ ਦੇ ਸਕਦੀ ਹੈ । 4-5 ਦਿਨਾਂ ਬਾਅਦ ਆਂਡਿਆਂ ਵਿਚੋਂ ਘਸਮੈਲੇ ਭੂਰੇ ਰੰਗ ਅਤੇ ਕਾਲੇ ਸਿਰ ਵਾਲੀਆਂ ਸੁੰਡੀਆਂ ਨਿਕਲ ਆਉਂਦੀਆਂ ਹਨ, ਜਿਨ੍ਹਾਂ ਦਾ ਜੀਵਨ ਕਾਲ 3-4 ਹਫਤੇ ਹੁੰਦਾ ਹੈ । ਇਹ ਸੁੰਡੀਆਂ ਤਣੇ ਵਿਚ ਪਲਦੀਆਂ ਹੋਈਆਂ ਹੀ ਭੂਰੇ ਰੰਗ ਦੇ ਪਿਊਪਿਆਂ ਵਿਚ ਤਬਦੀਲ ਹੋ ਜਾਂਦੀਆਂ ਹਨ ਅਤੇ ਹਫਤੇ ਬਾਅਦ ਇਹਨਾਂ ਵਿੱਚੋਂ ਪਤੰਗੇ ਨਿਕਲ ਕੇ ਅਗਲੀ ਪੀੜ੍ਹੀ ਸ਼ੁਰੂ ਕਰ ਦਿੰਦੇ ਹਨ ।

**ਹਮਲੇ ਦੀਆਂ ਨਿਸ਼ਾਨੀਆਂ** : ਆਂਡਿਆਂ ਵਿੱਚੋਂ ਨਿਕਲਦੇ ਸਾਰ ਹੀ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ ਅਤੇ ਵੱਡੀਆਂ ਹੋਣ ਤੇ ਗੋਭ ਦੇ ਵਿਚ ਵੜਕੇ ਖਾਂਦੀਆਂ ਹਨ ਅਤੇ ਉਸਨੂੰ ਸੁਕਾ ਦਿੰਦੀਆਂ ਹਨ । ਹਮਲੇ ਵਾਲੀਆਂ ਗੋਭਾਂ ਵਿੱਚੋਂ ਨਵੇਂ ਨਿਕਲੇ ਪੱਤਿਆਂ ਉੱਪਰ ਨਿੱਕੀਆਂ ਨਿੱਕੀਆਂ ਮੋਰੀਆਂ ਕਤਾਰਾਂ ਵਿਚ ਹੁੰਦੀਆਂ ਹਨ । ਸੁੱਕੀ ਗੋਭ ਵਾਲੇ ਬੂਟੇ ਮਧਰੇ ਰਹਿ ਜਾਂਦੇ ਹਨ ਅਤੇ ਇਹਨਾਂ ਦੇ ਪਾਸਿਆਂ ਤੋਂ ਨਵੇਂ ਬੂਟੇ ਫੁੱਟਦੇ ਹਨ, ਪਰ ਇਹਨਾਂ ਨੂੰ ਕੋਈ ਛੱਲੀ ਨਹੀਂ ਪੈਂਦੀ । ਕਈ ਵਾਰ ਇਹ ਕੀੜਾ ਛੱਲੀ ਵਿਚ ਵੜ ਕੇ ਨਰਮ ਦਾਣਿਆਂ ਨੂੰ ਖਾਕੇ ਨੁਕਸਾਨ ਕਰਦਾ ਹੈ ਅਤੇ ਬਾਬੂ ਝੰਡੀਆਂ ਉਪਰ ਵੀ ਇਸਦਾ ਹਮਲਾ ਨਜ਼ਰ ਆਉਂਦਾ ਹੈ ।

**ਰੋਕਥਾਮ** : ★ ਮਿੱਤਰ ਕੀੜਿਆਂ ਦੀ ਵਰਤੋਂ ਨਾਲ ਗੜੂੰਏ ਦੀ ਰੋਕਥਾਮ ਨੂੰ ਤਰਜੀਹ ਦੇਣੀ ਚਾਹੀਦੀ ਹੈ । ਗੜੂੰਏ ਦੀ ਰੋਕਥਾਮ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਮਿੱਤਰ ਕੀੜੇ ਟਰਾਕੋਗ੍ਰਾਮਾ ਰਾਹੀਂ ਪਰਜੀਵੀ ਕਿਰਿਆ ਕੀਤੇ ਹੋਏ ਕ੍ਰੋਸਾਈਰਾ ਦੇ 40,000 ਆਂਡੇ ਪ੍ਰਤੀ ਏਕੜ ਦੇ ਹਿਸਾਬ ਦੇ ਨਾਲ 10 ਅਤੇ 17 ਦਿਨਾਂ ਦੀ ਫਸਲ ਉੱਪਰ ਵਰਤਣ ਦੀ ਸਿਫਾਰਿਸ਼ ਕੀਤੀ ਗਈ ਹੈ । ਇਹਨਾਂ ਕਾਰਡਾਂ ਨੂੰ 40 ਬਰਾਬਰ ਹਿੱਸਿਆਂ ਵਿਚ ਇਸ ਤਰ੍ਹਾਂ ਕੱਟੋ ਕਿ ਹਰ ਹਿੱਸੇ ਉੱਪਰ ਤਕਰੀਬਨ 1000 ਆਂਡੇ ਹੋਣੇ ਚਾਹੀਦੇ ਹਨ । ਕੱਟੇ ਹੋਏ ਕਾਰਡਾਂ ਨੂੰ ਗੋਭ ਦੇ ਪੱਤੇ ਦੇ ਹੇਠਲੇ ਪਾਸੇ ਸ਼ਾਮ ਦੇ ਸਮੇਂ ਖੇਤ ਵਿਚ ਇਕਸਾਰ ਦੂਰੀ ਤੇ ਪਿੰਨ ਨਾਲ ਨੱਥੀ ਕਰਨਾ ਚਾਹੀਦਾ ਹੈ । ਗੋਡੀ ਵੇਲੇ ਗੜੂੰਏ ਦੇ ਗੰਭੀਰ ਹਮਲੇ ਵਾਲੇ ਬੂਟੇ ਪੁੱਟ ਕੇ ਦੱਬ ਦੇਣੇ ਚਾਹੀਦੇ ਹਨ ਜਿਸ ਨਾਲ ਹਮਲੇ ਦਾ ਵਾਧਾ ਘੱਟ ਜਾਂਦਾ ਹੈ ।


★ ਇਸ ਤੋਂ ਇਲਾਵਾ ਬਿਜਾਈ ਤੋਂ 2-3 ਹਫਤੇ ਵਿਚ ਹੀ ਗੜੂੰਏ ਦੀ ਰੋਕਥਾਮ ਕੀਟਨਾਸ਼ਕ ਵਰਤ ਕੇ ਵੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ । ਜੇ ਕਰ ਗੋਭਾਂ ਸੁੱਕ ਜਾਣ ਤਾਂ ਕੀਟਨਾਸ਼ਕਾਂ ਦੀ ਵਰਤੋਂ ਨਾਲ ਜ਼ਿਆਦਾ ਲਾਭ ਨਹੀਂ ਹੁੰਦਾ । ਫਾਲ ਆਰਮੀਵਰਮ ਲਈ ਸਿਫਾਰਸ਼ ਕੀਟਨਾਸ਼ਕਾਂ ਦੀ ਰੋਕਥਾਮ ਗੜੂੰਏ ਦੀ ਰੋਕਥਾਮ ਲਈ ਵੀ ਕਾਰਗਾਰ ਹਨ ।

---

## ਵਿਕਾਰ ਜਾਂ ਬੀਮਾਰੀਆਂ, ਪੌਦਿਆਂ ਦੀ ਸਿਹਤ ਅਤੇ ਝਾੜ 'ਤੇ ਮਾੜਾ ਅਸਰ ਪਾਉਂਦੇ ਹਨ

# ਟਮਾਟਰ ਅਤੇ ਮਿਰਚਾਂ ਦੇ ਵਿਕਾਰ ਜਾਂ ਬੀਮਾਰੀਆਂ ਤੋਂ ਸਾਵਧਾਨ ਰਹੋ

ਟਮਾਟਰ, ਮਿਰਚਾਂ ਅਤੇ ਸ਼ਿਮਲਾ ਮਿਰਚ ਪੰਜਾਬ ਵਿਚ ਉਗਾਈਆਂ ਜਾਣ ਵਾਲੀਆਂ ਗਰਮ ਰੁੱਤ ਦੀਆਂ ਮੁੱਖ ਸਬਜ਼ੀਆਂ ਹਨ । ਕਈ ਵਾਰ ਇਹ ਸਬਜ਼ੀਆਂ ਨੂੰ ਹੋਰ ਵਾਲੀਆਂ



ਬੀਮਾਰੀਆਂ, ਕੀੜੇ-ਮਕੌੜਿਆਂ ਜਾਂ ਵਿਕਾਰਾਂ ਦੇ ਕਾਰਨ ਪੈਦਾਵਾਰ ਦਾ ਨੁਕਸਾਨ ਕਿਸਾਨਾਂ ਨੇ ਮੁਨਾਫੇ ਨੂੰ ਪ੍ਰਭਾਵਿਤ ਕਰਦਾ ਹੈ ।

ਕਿਸਾਨ ਵੀਰ ਵਿਕਾਰਾਂ ਦੀ ਪਛਾਣ ਤੋਂ ਜਾਣੂ ਨਾ ਹੋਣ ਕਾਰਨ ਇਨ੍ਹਾਂ ਨੂੰ ਬੀਮਾਰੀਆਂ ਅਤੇ ਕੀੜੇ-ਮਕੌੜਿਆਂ ਦੇ ਹਮਲੇ ਨਾਲ ਉਲਝਾ ਦਿੰਦੇ ਹਨ । ਇਹ ਵਿਕਾਰ ਰੋਗਾਣੂ ਕਾਰਨਾਂ ਕਰ ਕੇ ਪੈਦਾ ਨਹੀਂ ਹੁੰਦੇ ਪਰ ਖੁਰਾਕੀ ਤੱਤਾਂ ਦੀ ਘਾਟ ਅਤੇ ਪੌਦਾ ਵਿਕਾਸ ਕਿਰਿਆਵਾਂ ਦੇ ਰੋਗ ਹਨ । ਅਜਿਹੇ ਰੋਗ ਪੌਦਿਆਂ ਦੀ ਸਿਹਤ ਅਤੇ ਝਾੜ 'ਤੇ ਮਾੜਾ ਅਸਰ ਪਾਉਂਦੇ ਹਨ ।

**ਵਿਕਾਰਾਂ ਦੇ ਮੁੱਖ ਕਾਰਨ ਹੇਠ ਦਿੱਤੇ ਗਏ ਹਨ :**

1. ਬੂਟਿਆਂ ਵਿਚ ਖੁਰਾਕੀ ਤੱਤਾਂ ਦੀ ਘਾਟ, 2. ਤਾਪਮਾਨ ਦਾ ਉਤਰਾਅ-ਚੜ੍ਹਾਅ, 3. ਮਿੱਟੀ ਦੀ ਮਾੜੀ ਸਿਹਤ, 4. ਅਨੁਕੂਲਤਮ ਨਮੀ ਦੀ ਘਾਟ, 5. ਫਸਲ ਪ੍ਰਬੰਧਨ ।

ਗਰਮ ਰੁੱਤ ਵਿਚ ਟਮਾਟਰ, ਮਿਰਚ ਅਤੇ ਸ਼ਿਮਲਾ ਮਿਰਚ 'ਤੇ ਆਉਣ ਵਾਲੇ ਮੁੱਖ ਵਿਕਾਰਾਂ ਦੇ ਲੱਛਣ, ਕਾਰਨ ਅਤੇ ਰੋਕਥਾਮ ਬਾਰੇ ਜਾਣਕਾਰੀ ਇਸ ਤਰ੍ਹਾਂ ਹੈ ।

**ਧੁੱਪ ਦਾ ਸਾੜ** : ਘਰੇਲੂ ਬਗੀਚੀ ਜਾਂ ਖੇਤ ਵਿਚ ਲੱਗਣ ਵਾਲੇ ਟਮਾਟਰ, ਮਿਰਚਾਂ ਅਤੇ ਸ਼ਿਮਲਾ ਮਿਰਚ ਦੇ ਫਲ ਦੱਖਣ ਵਾਲੇ ਪਾਸੇ ਤੋਂ ਖਰਾਬ ਹੋ ਜਾਂਦੇ ਹਨ ।

**ਕਾਰਨ** : ਸੂਰਜ ਦੀ ਪੈਂਦੀ ਸਿੱਧੀ ਧੁੱਪ

**ਨਿਸ਼ਾਨੀਆਂ** : ਫਲ ਦੱਖਣੀ ਪਾਸੇ ਤੋਂ ਪੈਂਦੀ ਧੁੱਪ ਕਰ ਕੇ ਖਰਾਬ ਹੋਣਾ ਸ਼ੁਰੂ ਹੁੰਦੇ ਪੀਲੇ ਰੰਗ ਅਤੇ ਅੰਤ ਵਿਚ ਭੂਰੇ ਰੰਗ ਦੇ ਬਣ ਜਾਂਦੇ ਹਨ । 'ਗਾਲਾ' ਦੱਖਣ ਪਾਸੇ ਤੋਂ ਫੈਲਦਾ ਪੂਰੇ ਫਲ ਨੂੰ ਖਰਾਬ ਕਰ ਸਕਦਾ ਹੈ । ਧੁੱਪ ਦਾ ਸਾੜਾ ਹਰੇ ਜਾਂ ਕੱਚੇ ਫਲ ਨੂੰ ਜ਼ਿਆਦਾ ਪੈਂਦਾ ਹੈ । 'ਗਾਲਾ' ਪੈਣ ਤੋਂ ਬਾਅਦ ਉੱਲੀ ਜਾਂ ਕੀੜੇ-ਮਕੌੜਿਆਂ ਦੇ ਹਮਲੇ ਦਾ ਖਤਰਾਂ ਵੀ ਰਹਿੰਦਾ ਹੈ ।

**ਰੋਕਥਾਮ** : 1. ਕਿਸਮਾਂ ਦੀ ਚੋਣ ਕਰਦੇ ਸਮੇਂ ਧਿਆਨ ਦਿੱਤਾ ਜਾਵੇ ਕਿ ਬੂਟਿਆਂ ਦੀ ਬਣਤਰ ਇਸ ਤਰੀਕੇ ਦੀ ਹੋਵੇ ਕਿ ਪੱਤੇ ਫਲਾਂ ਨੂੰ ਛਾਂ ਕਰਦੇ ਹੋਣ । ਬੂਟਿਆਂ ਦੀ ਛੰਗਾਈ ਕਰਦੇ ਸਮੇਂ ਪੱਤਿਆਂ ਨੂੰ ਲੋੜ ਅਨੁਸਾਰ ਹੀ ਕੱਟਿਆ ਜਾਵੇ ਤਾਂ ਜੋ ਪੱਤੇ ਫਲਾਂ ਨੂੰ ਛਾਂ ਕਰਦੇ ਰਹਿਣ ।

2. ਪੌਦਿਆਂ ਦੇ ਪੱਤਿਆਂ ਨੂੰ ਖਰਾਬ ਕਰਨ ਵਾਲੇ ਰੋਗਾਂ ਤੋਂ ਬਚਾਇਆ ਜਾਵੇ ।

3. ਬੂਟਿਆਂ ਨੂੰ ਪਾਣੀ ਦੀ ਘਾਟ ਨਾ ਹੋਵੇ ।

4. ਘਰੇਲੂ ਬਗੀਚੀ ਵਿਚ ਲੱਗੇ ਬੂਟਿਆਂ ਨੂੰ ਦੱਖਣੀ ਪਾਸੇ ਤੋਂ ਛੌਰਾ ਕਰੋ ।

**ਫੁੱਲਾਂ ਅਤੇ ਫਲਾਂ ਦਾ ਕੇਰ**

ਗਰਮੀ ਦੇ ਮੌਸਮ ਦੌਰਾਨ ਟਮਾਟਰ ਅਤੇ ਮਿਰਚਾਂ ਵਿਚ ਫੁੱਲ ਅਤੇ ਛੋਟੇ ਫਲਾਂ ਦਾ ਕੇਰ ਘਰੇਲੂ ਬਗੀਚੀ ਅਤੇ ਖੇਤਾਂ ਵਿਚ



ਦੇਖਿਆ ਜਾ ਸਕਦਾ ਹੈ ।

**ਕਾਰਨ** : ਵੱਧ ਤਾਪਮਾਨ (40 ਡਿਗਰੀ ਤੋਂ ਜ਼ਿਆਦਾ), ਸਿੰਚਾਈ/ਪਾਣੀ ਦੀ ਲਾਪਰਵਾਹੀ ।

**ਨਿਸ਼ਾਨੀਆਂ** : ਫੁੱਲਾਂ ਅਤੇ ਫਲਾਂ ਦਾ ਲਗਾਤਾਰ ਡਿੱਗਣਾ ਝਾੜ 'ਤੇ ਮਾੜਾ ਅਸਰ ਪੈਂਦਾ ਹੈ ।

**ਰੋਕਥਾਮ** : 1. ਬੂਟਿਆਂ ਨੂੰ ਸਹੀ ਸਿੰਚਾਈ ਪ੍ਰਬੰਧਨ ਲਾਜ਼ਮੀ ਕਰੋ ।

**2. ਹਾਰਮੋਨ ਦਾ ਛਿੜਕਾਅ** : ਟਮਾਟਰ ਦੀ ਪੈਦਾਵਾਰ ਲਈ ਵਿਪੁਲ ਬੂਸਟਰ (1 ਮਿ.ਲੀ./ਪ੍ਰਤੀ ਲਿਟਰ ਪਾਣੀ) ਦਾ ਨਰਸਰੀ ਵਿਚ ਲੱਗੀ ਪਨੀਰੀ 'ਤੇ ਛਿੜਕਾਅ ਕੀਤਾ ਜਾਵੇ । ਇਹ ਛਿੜਕਾਅ ਨਰਸਰੀ ਖੇਤ ਵਿਚ ਲਗਾਉਣ ਤੋਂ ਇਕ ਹਫਤਾ ਪਹਿਲਾਂ ਕਰੋ । ਇਸ ਤੋਂ ਬਾਅਦ ਦਵਾਈ ਦੇ ਪੰਜ ਹੋਰ ਛਿੜਕਾਅ ਬੂਟੇ ਖੇਤ 'ਚ ਲਗਾਉਣ ਤੋਂ ਹਫਤਾ ਬਾਅਦ ਕਰੋ । ਛਿੜਕਾਅ ਲਈ ਦਵਾਈ 0.5 ਮਿ.ਲੀ./ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਵਰਤੋਂ ਅਤੇ ਛਿੜਕਾਅ ਹਫਤੇ ਦੇ ਵਕਫੇ 'ਤੇ ਕਰੋ ।

ਮਿਰਚਾਂ ਵਿਚ ਫੁੱਲ ਅਤੇ ਫਲ ਦਾ ਕੇਰ ਰੋਕਣ ਲਈ ਪਨੀਰੀ ਖੇਤ ਵਿਚ ਲਾਉਣ ਤੋਂ 45 ਤੇ 55 ਦਿਨਾਂ ਪਿਛੋਂ ਐੱਨ. ਏ. ਏ. (ਨੈਫਥਲੀਨ ਏਸਟਿਗ ਏਸਿੰਗ) ਦੇ ਦੋ ਛਿੜਕਾਅ ਕਰੋ । ਇਸ ਲਈ 4 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਐੱਨ. ਏ. ਏ. ਦੀ ਵਰਤੋਂ ਕਰਨੀ ਚਾਹੀਦੀ ਹੈ ।

ਧਿਆਨ ਰਹੇ ਕਿ 4 ਮਿ. ਲੀ. ਐੱਨ. ਏ. ਏ. ਨੂੰ 10-15 ਮਿ.ਲਿ. ਈਥਾਈਲ ਅਲਕੋਹਲ ਵਿਚ ਘੋਲਣਾ ਜ਼ਰੂਰੀ ਹੈ । ਇਸ ਦਾ ਕਾਰਨ ਐੱਨ.ਏ.ਏ. ਦਾ ਪਾਣੀ ਵਿਚ ਘੁਲਣਸ਼ੀਲ ਨਾ ਹੋਣਾ ਹੈ । ਛਿੜਕਾਅ ਲਈ ਇਸ ਘੋਲ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ ।

**ਫਲ ਦੀ ਡੋਡੀ ਦਾ ਗਲਣਾ** : ਟਮਾਟਰ, ਮਿਰਚਾਂ ਅਤੇ ਸ਼ਿਮਲਾ ਮਿਰਚਾਂ ਦੇ ਫਲ ਗਰਮ ਰੁੱਤ ਵਿਚ ਸਿਰ ਤੋਂ ਗਲਣੇ ਸ਼ੁਰੂ ਹੋ ਜਾਂਦੇ ਹਨ ।

**ਨਿਸ਼ਾਨੀਆਂ** : ਫਲਾਂ ਦਾ ਗਾਲਾ ਭੂਰੇ ਰੰਗ ਦਾ ਅਤੇ ਅਤੇ ਹਮੇਸ਼ਾ ਸਿਰੇ ਤੋਂ ਸ਼ੁਰੂ ਹੁੰਦਾ ਹੈ । ਸਮੇਂ ਨਾਲ ਸਿਰੇ ਤੋਂ ਸ਼ੁਰੂ ਹੋਇਆ ਰੋਗ ਪੂਰੇ ਫਲ 'ਤੇ ਫੈਲ ਜਾਂਦਾ ਹੈ । ਇਹ ਫਲ ਦਾ ਅੱਧੇ ਤੋਂ ਇਕ ਤਿਹਾਈ ਹਿੱਸਾ ਘੇਰ ਲੈਂਦੇ ਹਨ ਅਤੇ ਬਾਅਦ 'ਚ ਸੁੱਕ ਜਾਂਦੇ ਹਨ । ਅਜਿਹੇ ਫਲਾਂ ਉੱਤੇ ਉੱਲੀ ਰੰਗ ਦਾ ਹਮਲਾ ਹੋਣ ਦਾ ਖਤਰਾ ਵੀ ਬਣ ਜਾਂਦਾ ਹੈ ।

**ਕਾਰਨ** : ਫਲਾਂ ਵਿਚ ਕੈਲਸ਼ੀਅਮ ਤੱਤ ਦੀ ਘਾਟ ਅਤੇ ਖੁਸ਼ਕ ਮੌਸਮ ਵਿਚ ਇਸ ਦੀ ਸ਼ੁਰੂਆਤ ਹੁੰਦੀ ਹੈ ।

**ਰੋਕਥਾਮ** : 1) ਸੂਖਮ ਤੱਤਾਂ ਦੀ ਸਪਰੇਅ ਕਰੋ, ਜਿਸ ਵਿਚ ਕੈਲਸ਼ੀਅਮ ਜ਼ਰੂਰ ਹੋਵੇ । ਇਸ ਤੋਂ ਇਲਾਵਾ ਫਸਲ 'ਤੇ 400 ਗ੍ਰਾਮ/ਏਕੜ ਕੈਲਸ਼ੀਅਮ ਸਲਫੇਟ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ ।

2) ਮਿੱਟੀ ਵਿਚ ਕੈਲਸ਼ੀਅਮ ਅਤੇ ਤੇਜ਼ਾਬੀ ਮਾਦਾ (ਪੀ. ਐੱਚ.) ਦੀ ਪਰਖ ਕਰਵਾਓ । ਕਈ ਵਾਰੀ ਮਿੱਟੀ ਵਿਚ ਕੈਲਸ਼ੀਅਮ ਲੋੜੀਂਦੀ ਮਾਤਰਾ ਵਿਚ ਹੁੰਦਾ ਹੈ ਪਰ (ਪੀ. ਐੱਚ.) 6-6.4 ਨਾ ਹੋਣ ਕਾਰਨ ਬੂਟਾ ਕੈਲਸ਼ੀਅਮ ਨੂੰ ਖਿੱਚਣ ਵਿਚ ਅਸਮਰੱਥ ਹੁੰਦਾ ਹੈ ।

3) ਪਾਣੀ ਨੂੰ ਸਹੀ ਸਮੇਂ, ਢੰਗ ਅਤੇ ਮਾਤਰਾ ਵਿਚ ਲਗਾਇਆ ਜਾਵੇ ਤਾਂ ਕਿ ਕੈਲਸ਼ੀਅਮ ਫਲਾਂ ਤੱਕ ਲਗਾਤਾਰ ਪਹੁੰਚਦਾ ਰਹੇ ।

**ਕ੍ਰਿਸ਼ੀ ਵਿਗਿਆਨ ਕੇਂਦਰ, ਮੋਗਾ ।**

# ਕਿੰਨੂ ਵਿੱਚ ਫਲ ਕੇਰ ਅਤੇ ਫਾਈਟੋਫਥੋਰਾ ਬਿਮਾਰੀ ਦੀ ਸਰਵਪੱਖੀ ਰੋਕਥਾਮ

**ਅਨੀਤਾ ਅਰੋੜਾ, ਗੁਰਤੇਗ ਸਿੰਘ ਅਤੇ ਅਮਰਜੀਤ ਸਿੰਘ,**
ਫਲ ਵਿਗਿਆਨ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ

**ਪੰਜਾਬ ਵਿੱਚ ਨਿੰਬੂ-ਜਾਤੀ ਦੇ ਫਲਾਂ ਹੇਠ ਰਕਬਾ 57,288 ਹੈਕਟੇਅਰ ਹੈ, ਜਿਸ ਤੋਂ 12.81,632 ਮੀਟਰਕ ਟਨ ਪੈਦਾਵਾਰ ਹੁੰਦੀ ਹੈ। ਨਿੰਬੂ-ਜਾਤੀ ਦੇ ਫਲਾਂ ਵਿੱਚੋਂ ਕਿੰਨੂ ਰਕਬੇ (53,045 ਹੈਕਟੇਅਰ) ਅਤੇ ਪੈਦਾਵਾਰ (12,46,821 ਮੀਟਰਕ ਟਨ) ਵਿੱਚੋਂ ਸਭ ਤੋਂ ਅੱਗੇ ਹੈ। ਕਿੰਨੂ ਆਪਣੀ ਉੱਚ ਆਰਥਿਕ ਉਤਪਾਦਕਤਾ ਕਾਰਨ ਬਾਗਬਾਨਾਂ ਲਈ ਵਰਦਾਨ ਸਾਬਤ ਹੋਇਆ ਹੈ। ਇਸ ਵਿੱਚ ਵਿਟਾਮਿਨ ਸੀ ਦੀ ਮਾਤਰਾ ਵੀ ਵੱਧ ਪਾਈ ਜਾਂਦੀ ਹੈ। ਪਰ ਫੁੱਲ ਪੈਣ ਤੋਂ ਫਲ ਦੇ ਪੱਕਣ ਸਮੇਂ ਤੱਕ ਫਲਾਂ ਦਾ ਭਾਰੀ ਮਾਤਰਾ ਵਿਚ ਝੜ ਜਾਣਾ ਕਿੰਨੂ ਵਿੱਚ ਇਕ ਗੰਭੀਰ ਸਮੱਸਿਆ ਹੈ। ਫਲ ਕੇਰ ਕਈ ਅੰਦਰੂਨੀ, ਬਾਹਰੀ ਕਾਰਨਾਂ ਅਤੇ ਬਿਮਾਰੀ ਤੇ ਨਿਰਭਰ ਕਰਦੀ ਹੈ। ਫਲ ਕਰੁੱਤੇ ਕਿਰਨ ਕਾਰਨ ਮੰਡੀਕਰਨਯੋਗ ਨਹੀਂ ਰਹਿੰਦੇ, ਜਿਸ ਵਜੋਂ ਬਾਗਬਾਨਾਂ ਦਾ ਬਹੁਤ ਭਾਰੀ-ਮਾਲੀ ਨੁਕਸਾਨ ਹੁੰਦਾ ਹੈ। ਫਾਈਟੋਫਥੋਰਾ ਉੱਲੀ ਦੇ ਹਮਲੇ ਨਾਲ ਵੀ ਬੂਟਿਆਂ ਦੀ ਉਮਰ ਘੱਟ ਜਾਂਦੀ ਹੈ ਅਤੇ ਨਾਲ ਹੀ ਫਲਾਂ ਦੀ ਗੁਣਵੱਤਾ ਅਤੇ ਪੈਦਾਵਾਰ ਤੇ ਮਾੜਾ ਅਸਰ ਪੈਂਦਾ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਚਿਤ ਸਮੇਂ ਅਤੇ ਸਰਵਪੱਖੀ ਨੁਕਤੇ ਵਰਤ ਕੇ ਇਹਨਾਂ ਬਿਮਾਰੀਆਂ ਦੁਆਰਾ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾਵੇ।**



**1. ਫਲ ਕੇਰ** : ਮੁੱਖ ਤੌਰ ਤੇ ਕਿੰਨੂ ਫਲ ਦੀ ਕੇਰ ਦੀਆਂ ਤਿੰਨ ਵੱਖ-ਵੱਖ ਲਹਿਰਾਂ ਆਉਂਦੀਆਂ ਹਨ ਜਿਨ੍ਹਾਂ ਨੂੰ ਫੁੱਲ ਪੈਣ ਤੋਂ ਬਾਅਦ ਦੀ ਕੇਰ, ਜੂਨ ਦੀ ਕੇਰ ਅਤੇ ਤੁੜਾਈ ਤੋਂ ਪਹਿਲਾਂ ਦੀ ਕੇਰ ਕਿਹਾ ਜਾਂਦਾ ਹੈ। ਆਮ ਤੌਰ 'ਤੇ ਨਿੰਬੂ ਜਾਤੀ ਦੇ ਬੂਟੇ ਬਸੰਤ ਰੁੱਤੇ ਬਹੁਤ ਜ਼ਿਆਦਾ ਖਿੜ ਉੱਠਦੇ ਹਨ। ਬੂਟਾ ਫਲ ਉਹੀ ਰੱਖਦਾ ਹੈ ਜਿਨ੍ਹਾਂ ਨੂੰ ਅਖੀਰ ਪੱਕਣ ਤੱਕ ਲੈ ਕੇ ਜਾ ਸਕਦਾ ਹੋਵੇ, ਬਾਕੀ ਸਾਰੇ ਫਲ ਕੁਦਰਤੀ ਤੌਰ ਤੇ ਝੜ ਜਾਂਦੇ ਹਨ। ਪਹਿਲੀ ਲਹਿਰ ਦੌਰਾਨ ਕੇਰ ਫੁੱਲ ਆਉਣ ਤੋਂ ਬਾਅਦ ਛੇਤੀ ਹੀ ਸ਼ੁਰੂ ਹੋ ਜਾਂਦੀ ਹੈ ਅਤੇ ਬਹੁਤ ਛੋਟੇ ਫਲਾਂ ਦੇ ਡਿੱਗਣ ਦਾ ਕਾਰਣ ਬਣਦੀ ਹੈ। ਇਹ ਕੇਰ ਕੁਦਰਤੀ ਤੌਰ ਤੇ ਵਧੇਰੇ ਫੁੱਲ ਲਗਣ ਕਰਕੇ ਹੁੰਦੀ ਹੈ ਅਤੇ ਉਤਪਾਦਕ ਨੂੰ ਇਸ ਦੀ ਬਹੁਤੀ ਚਿੰਤਾ ਨਹੀਂ ਹੁੰਦੀ। ਇਸ ਕੇਰੇ ਕਰਕੇ ਬੂਟੇ ਉੱਪਰ ਫਲਾਂ ਦਾ ਵਾਧੂ ਭਾਰ ਘੱਟ ਜਾਂਦਾ ਹੈ। ਦੂਜੀ ਕੇਰ ਪਹਿਲੀ ਲਹਿਰ ਤੋਂ ਕੁਝ ਹਫਤਿਆਂ ਬਾਅਦ ਸ਼ੁਰੂ ਹੁੰਦੀ ਹੈ। ਇਸ ਕੇਰੇ ਦੌਰਾਨ ਮਟਰ ਦੇ ਦਾਣੇ ਤੋਂ ਕੱਚ ਦੇ ਬੰਟੇ ਦੇ ਆਕਾਰ ਤੱਕ ਦੇ ਫਲ ਝੜ ਜਾਂਦੇ ਹਨ। ਇਹ ਕੇਰ ਪੰਜਾਬ ਵਿੱਚ ਅਕਸਰ ਗਰਮੀ ਦੇ ਮਹੀਨਿਆਂ ਦੌਰਾਨ ਹੁੰਦੀ ਹੈ। ਗਰਮੀ ਵਿੱਚ ਉੱਚ ਤਾਪਮਾਨਾਂ ਦੇ ਨਾਲ-ਨਾਲ ਪਾਣੀ ਦੀ ਘਾਟ ਕਾਰਨ ਇਹ ਫਲ ਕੇਰ ਵੱਧ ਜਾਂਦੀ ਹੈ। ਤੀਜੀ ਕੇਰ ਫਲਾਂ ਦੇ ਪੱਕਣ ਤੋਂ ਪਹਿਲਾਂ ਸ਼ੁਰੂ ਹੁੰਦੀ ਹੈ। ਇਹ ਜੁਲਾਈ ਦੇ ਮਹੀਨੇ ਸ਼ੁਰੂ ਹੋ ਕੇ ਦਸੰਬਰ ਤੱਕ ਜਾਰੀ ਰਹਿੰਦੀ ਹੈ। ਪਰ ਸਭ ਤੋਂ ਜ਼ਿਆਦਾ ਕੇਰ ਅੱਧ ਸਤੰਬਰ ਤੋਂ ਲੈ ਕੇ ਅੱਧ ਅਕਤੂਬਰ ਤੱਕ ਪੈਂਦੀ ਹੈ। ਇਹ ਕੇਰ ਸਭ ਤੋਂ ਵੱਧ ਨੁਕਸਾਨਦੇਹ ਹੈ ਕਿਉਂਕਿ ਇਸ ਸਮੇਂ ਤੱਕ ਫਲਾਂ ਦੇ ਵਧਣ ਫੁਲਣ ਕਰਕੇ ਸਾਰੇ ਤੱਤ ਬੂਟੇ ਤੋਂ ਲੈ ਲਏ ਹੁੰਦੇ ਹਨ।

**ਅੰਦਰੂਨੀ ਕਿਰਿਆਵਾਂ ਕਾਰਨ ਫਲ ਕੇਰ** : ਇਹ ਫਲ ਕੇਰ ਵਾਤਾਵਰਣ ਜਾਂ ਬੂਟੇ ਦੀਆਂ ਅੰਦਰੂਨੀ ਕਿਰਿਆਵਾਂ ਵਿੱਚ ਕਮੀ ਕਰਕੇ ਹੁੰਦੀ ਹੈ। ਇਸ ਫਲ ਕੇਰ ਦੇ ਮੁੱਖ ਕਾਰਨ ਪਾਣੀ ਦੀ ਕਮੀਂ, ਉੱਚਾ ਤਾਪਮਾਨ, ਲੰਬੇ ਸਮੇਂ ਲਈ ਕੋਰਾ, ਬੂਟਿਆਂ ਹੇਠਾਂ ਪਾਣੀ ਦਾ ਲੰਬੇ ਸਮੇਂ ਤੱਕ ਖੜ੍ਹਾ ਰਹਿਣਾ, ਖੁਰਾਕੀ ਤੱਤਾਂ ਦੀ ਘਾਟ, ਅੰਦਰੂਨੀ ਹਾਰਮੋਨ ਦਾ ਅਸੰਤੁਲਨ ਅਤੇ ਬੂਟੇ ਦੀ ਮਾੜੀ ਸਿਹਤ ਹਨ।

ਜਦੋਂ ਉਪਰੋਕਤ ਕਿਸੇ ਵੀ ਕਾਰਨ ਕਰਕੇ ਬੂਟਾ ਤਣਾਅ ਵਿੱਚ ਹੁੰਦਾ ਹੈ ਤਾਂ ਬੂਟੇ ਦੇ ਸਰੀਰ ਵਿੱਚ ਇਥਲੀਨ ਪੈਦਾ ਹੁੰਦੀ ਹੈ। ਇਥਲੀਨ ਦਾ ਉਤਪਾਦਨ, ਸ਼ਾਖਾ ਅਤੇ ਫਲ ਦੇ ਵਿਚਕਾਰ ਦੀ ਪਰਤ ਨੂੰ ਕਮਜ਼ੋਰ ਬਣਾ ਦਿੰਦਾ ਹੈ। ਇਸ ਤੇ ਫਲਸਰੂਪ ਫਲ ਕੇਰ ਹੁੰਦੀ ਹੈ।

**ਨਿਸ਼ਾਨੀਆਂ** : ਅੰਦਰੂਨੀ ਕਿਰਿਆਵਾਂ ਕਾਰਨ ਡਿੱਗੇ ਫਲ ਸਿਹਤਮੰਦ ਅਤੇ ਹਰੇ ਰੰਗ ਦੇ ਹੁੰਦੇ ਹਨ, ਪਰ ਡੰਡੀ ਵਾਲੇ ਪਾਸੇ ਤੋਂ ਪੀਲੇ ਰੰਗ ਦੇ ਹੋ ਜਾਂਦੇ ਹਨ।

**ਬਿਮਾਰੀ ਵਾਲੀ ਫਲ ਕੇਰ** : ਇਹ ਫਲ ਕੇਰ ਉੱਲੀ ਦੇ ਹਮਲੇ ਕਾਰਨ ਹੁੰਦੀ ਹੈ।

**ਨਿਸ਼ਾਨੀਆਂ** : ਸ਼ੁਰੂ ਵਿੱਚ ਇਹ ਬਿਮਾਰੀ ਪੱਤਿਆਂ ਅਤੇ ਟਹਿਣੀਆਂ ਤੇ ਹਮਲਾ ਕਰਦੀ ਹੈ। ਪੱਤਿਆਂ ਉੱਤੇ ਭੂਰੇ ਰੰਗ ਦੇ ਧੱਬੇ ਨਜ਼ਰ ਆਉਂਦੇ ਹਨ, ਜਿਹੜੇ ਕਿ ਵਿਚਕਾਰੋਂ ਅਸਮਾਨੀ ਰੰਗ ਹੋ ਜਾਂਦੇ ਹਨ। ਇਹਨਾਂ ਧੱਬਿਆਂ ਦੀ ਅਸਮਾਨੀ ਥਾਂ ਉੱਤੇ ਕਾਲੇ ਰੰਗ ਦੇ ਟਿਮਕਣੇ ਚੱਕਰਾਂ ਵਿੱਚ ਨਜ਼ਰ ਆਉਂਦੇ ਹਨ। ਟਾਹਣੀਆਂ ਉੱਪਰੋਂ ਹੇਠਾਂ ਨੂੰ ਸੁੱਕਣ ਲੱਗ ਜਾਂਦੀਆਂ ਹਨ। ਇਹਨਾਂ ਸੁੱਕੀਆਂ ਹੋਈਆਂ ਟਾਹਣੀਆਂ ਉੱਤੇ ਉੱਲੀ ਦੇ ਕਾਲੇ ਟਿਮਕਣੇ ਜਿਹੇ ਪੈਦਾ ਹੋ ਜਾਂਦੇ ਹਨ। ਬਿਮਾਰੀ ਵਾਲੀ ਫਲ ਕੇਰ ਦੇ ਹਮਲੇ ਨਾਲ ਫਲ ਦੀ ਡੰਡੀ ਦੇ ਆਲੇ-ਦੁਆਲੇ ਗੋਲਾਕਾਰ ਭੂਰੇ ਰੰਗ ਦੇ ਧੱਬੇ ਬਣ ਜਾਂਦੇ ਹਨ। ਇਹ ਧੱਬੇ ਵਧ ਕੇ ਸਿੱਕੇ ਵਾਲੇ ਰੁਪਏ ਦੀ ਸ਼ਕਲ ਵਾਂਗ ਲੱਗਣ ਲੱਗ ਪੈਂਦੇ ਹਨ। ਇਹ ਗਲ੍ਹਣਾ ਫਲ ਦੀ ਡੰਡੀ ਵਾਲੇ ਪਾਸੇ ਤੋਂ ਸ਼ੁਰੂ ਹੋ ਕੇ ਫਲ ਦੀ ਧੁੰਨੀ ਤੱਕ ਪਹੁੰਚ ਜਾਂਦਾ ਹੈ। ਜਿਸ ਨਾਲ ਸਾਰੇ ਦਾ ਸਾਰਾ ਫਲ ਉੱਲੀ ਨਾਲ ਢੱਕਿਆ ਜਾਂਦਾ ਹੈ। ਡੰਡੀ ਦੇ ਫਲ ਨਾਲ ਲੱਗਦੇ ਹਿੱਸੇ ਤੇ ਸੁੱਕੀ ਪਰਤ ਬਣ ਜਾਂਦੀ ਹੈ ਅਤੇ ਫਲ ਸੁੰਗੜ ਕੇ ਡਿੱਗ ਪੈਂਦੇ ਹਨ। ਜੇਕਰ ਬੀਮਾਰੀ ਦਾ ਹਮਲਾ ਲੇਟ ਹੋਵੇ ਤਾਂ ਫਲ ਸੁੰਗੜ ਕੇ ਕਾਲੇ ਰੰਗ ਦੇ ਹੋ ਜਾਂਦੇ ਹਨ ਅਤੇ ਬੂਟੇ ਦੇ ਨਾਲ ਹੀ ਲਟਕਦੇ ਰਹਿੰਦੇ ਹਨ। ਰੋਗੀ ਫਲਾਂ ਦੀਆਂ ਡੰਡੀਆਂ ਸਲੇਟੀ ਰੰਗ ਦੀਆਂ ਹੋ ਜਾਂਦੀਆਂ ਹਨ, ਉਨ੍ਹਾਂ ਉੱਤੇ ਉੱਲੀ ਦੇ ਕਾਲੇ ਰੰਗ ਦੇ ਟਿਮਕਣੇ ਜਿਹੇ ਦਿਖਾਈ ਦੇਣ ਲੱਗ ਪੈਂਦੇ ਹਨ ਅਤੇ ਟਾਹਣੀਆਂ ਵੀ ਸੁੱਕ ਜਾਂਦੀਆਂ ਹਨ।

**ਕਿੱਥੇ ਅਤੇ ਕਿਹੜੀਆਂ ਹਾਲਤਾਂ ਦੌਰਾਨ ਫਲ ਕੇਰ ਵਧੇਰੇ ਹੁੰਦੀ ਹੈ** : ਰੋਗੀ ਟਾਹਣੀਆਂ, ਪੱਤਿਆਂ ਅਤੇ ਫਲਾਂ ਦੀਆਂ ਡੰਡੀਆਂ ਤੇ ਲੱਗੇ ਉੱਲੀ ਦੇ ਕਾਲੇ ਟਿਮਕਣੇ ਬਿਮਾਰੀ ਦੇ ਫੈਲਾਅ ਅਤੇ ਅਗਲੇ ਸਾਲ ਬਿਮਾਰੀ ਦੀ ਲਾਗ ਲਾਉਣ ਵਿੱਚ ਸਹਾਈ ਹੁੰਦੇ ਹਨ। ਵਾਤਾਵਰਣ ਵਿੱਚ ਬਹੁਤੀ ਸਿੱਲ੍ਹ ਅਤੇ ਮੌਨਸੂਨ ਦੀ ਵਰਖਾ ਕਿੰਨੂ ਦੀ ਕੇਰ ਦੇ ਵਾਧੇ ਲਈ ਬਹੁਤ ਅਨੁਕੂਲ ਹੁੰਦੇ ਹਨ। ਅਸਲ ਵਿੱਚ ਜੇਕਰ ਬਹਾਰ ਰੁੱਤ ਸਮੇਂ ਬਾਰਸ਼ ਹੋ ਜਾਵੇ, ਤਾਂ ਇਹ ਬਿਮਾਰੀ ਉਸ ਵੇਲੇ ਹੀ ਰੋਗੀ ਟਾਹਣੀਆਂ ਤੋਂ ਸ਼ੁਰੂ ਹੋ ਜਾਂਦੀ ਹੈ, ਪਰ ਗਰਮੀ ਦੌਰਾਨ ਇਸ ਦਾ ਵਾਧਾ ਰੁੱਕ ਜਾਂਦਾ ਹੈ। ਵਰਖਾ ਰੁੱਤ ਦੌਰਾਨ ਇਹ ਰੋਗ ਅੱਗੇ ਫੈਲਣਾ ਸ਼ੁਰੂ ਹੋ ਜਾਂਦਾ ਹੈ ਅਤੇ ਸਭ ਤੋਂ ਜ਼ਿਆਦਾ ਕੇਰ ਸਤੰਬਰ ਤੋਂ ਅਕਤੂਬਰ ਤੱਕ ਪੈਂਦੀ ਹੈ। ਜਿੱਥੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਚੰਗਾ ਨਾ ਹੋਵੇ ਜਾਂ ਜ਼ਮੀਨ ਬਹੁਤੀ ਭਾਰੀ ਹੋਵੇ, ਅਜਿਹੀਆਂ ਹਾਲਤਾਂ ਫਲ ਕੇਰ ਦੇ ਵਾਧੇ ਲਈ ਅਨੁਕੂਲ ਹੁੰਦੀਆਂ ਹਨ। ਦਸੰਬਰ-ਜਨਵਰੀ ਵਿੱਚ ਤੁੜਾਈ ਤੋਂ ਪਹਿਲਾਂ ਫਲ ਕੇਰ ਘੱਟ ਤਾਪਮਾਨ ਅਤੇ ਧੁੰਦਲੇ ਮੌਸਮ ਕਾਰਨ ਵੀ ਹੁੰਦੀ ਹੈ।

**ਰੋਕਥਾਮ** : ਜਿਵੇਂ ਕਿ ਫਲ ਕੇਰ ਦਾ ਵਾਧਾ ਸੁੱਕੀਆਂ ਅਤੇ ਰੋਗੀ ਟਾਹਣੀਆਂ ਤੋਂ ਸ਼ੁਰੂ ਹੁੰਦਾ ਹੈ। ਇਸ ਲਈ ਫਲ ਤੋੜਣ ਤੋਂ ਬਾਅਦ ਜਨਵਰੀ-ਫਰਵਰੀ ਵਿੱਚ ਸਾਰੀ ਸੋਕ ਕੱਟ ਕੇ ਸਾੜ ਦਿਉ ਅਤੇ ਬੋਰਡੋ ਮਿਸ਼ਰਣ (2:2:250) ਜਾਂ ਕੌਪਰ ਔਕਸੀਕਲੋਰਾਈਡ (3 ਗ੍ਰਾਮ ਪ੍ਰਤੀ ਲਿਟਰ ਪਾਣੀ) ਦਾ ਛਿੜਕਾਅ ਕਰੋ। ਇਸ ਤੋਂ ਬਾਅਦ ਬੋਰਡੋ ਮਿਸ਼ਰਣ (2:2:250) ਜਾਂ ਕੌਪਰ ਔਕਸੀਕਲੋਰਾਈਡ (3 ਗ੍ਰਾਮ ਪ੍ਰਤੀ ਲਿਟਰ ਪਾਣੀ) ਦਾ ਛਿੜਕਾਅ ਮਾਰਚ, ਜੁਲਾਈ ਅਤੇ ਸਤੰਬਰ ਵਿੱਚ ਜ਼ਰੂਰ ਕਰੋ, ਤਾਂ ਕਿ ਟਾਹਣੀਆਂ ਦਾ ਸੋਕਾ ਘਟਾਇਆ ਜਾ ਸਕੇ। ਬੂਟਿਆਂ ਤੇ 10 ਗ੍ਰਾਮ ਜ਼ਿਬਰੈਲਿਕ ਐਸਿਡ ਦੇ ਛਿੜਕਾਅ 500 ਲਿਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਨਾਲ ਅੱਧ ਅਗਸਤ ਅਤੇ ਅੱਧ ਸਤੰਬਰ ਦੇ ਮਹੀਨੇ ਕਰੋ।

**2. ਫਾਈਟੋਫਥੋਰਾ ਬਿਮਾਰੀ** : ਭਾਰੀਆਂ ਅਤੇ ਸੇਮ ਵਾਲੀਆਂ ਜ਼ਮੀਨਾਂ, ਪਾਣੀ ਖੁੱਲ੍ਹਾ ਲਗਾਉਣਾ ਜਾਂ ਬੂਟਿਆਂ ਦਰਮਿਆਨ ਪਈ ਖਾਲੀ ਥਾਂ ਵਿੱਚ ਹੋਰ ਫਸਲਾਂ ਦੀ ਕਾਸ਼ਤ ਕਰਨਾ ਅਜਿਹੀਆਂ ਹਾਲਤਾਂ ਇਸ ਬਿਮਾਰੀ ਦੇ ਵਾਧੇ ਲਈ ਅਨੁਕੂਲ ਹੁੰਦੀਆਂ ਹਨ। ਜੁਲਾਈ-ਅਕਤੂਬਰ ਦੇ ਮਹੀਨਿਆਂ ਦੌਰਾਨ ਬਰਸਾਤਾਂ ਹੋਣ ਕਾਰਨ ਫਾਈਟੋਫਥੋਰਾ ਦਾ ਹਮਲਾ ਬੜੀ ਤੇਜ਼ ਰਫਤਾਰ ਨਾਲ ਵੱਧਦਾ ਹੈ। ਇਸ ਉੱਲ੍ਹੀ ਦੇ ਕਣ ਜ਼ਮੀਨ ਵਿਚ ਪਾਏ ਜਾਂਦੇ ਹਨ, ਜਿਸ ਕਾਰਨ ਇਹ ਉੱਲ੍ਹੀ ਜ਼ਮੀਨ ਦੇ ਅੰਦਰ-ਅੰਦਰ ਹੀ ਖੁਰਾਕੀ ਜੜ੍ਹਾਂ ਨੂੰ ਖਤਮ ਕਰ ਦਿੰਦੀ ਹੈ। ਇਸ ਛਿਪੇ ਹੋਏ ਹਮਲੇ ਨਾਲ ਕਿੰਨੂ ਦੇ ਬਾਗ ਸਮੇਂ ਤੋਂ ਪਹਿਲਾਂ ਹੀ ਮਰ ਜਾਂਦੇ ਹਨ ਅਤੇ ਝਾੜ ਤੇ ਮਾੜਾ ਅਸਰ ਪੈਂਦਾ ਹੈ। ਇਸ ਬਿਮਾਰੀ ਨਾਲ ਨਰਸਰੀ ਵਿੱਚ ਪਨੀਰੀ ਮੁਰਝਾ ਜਾਂਦੀ ਹੈ ਅਤੇ ਤਣਾਂ ਅਤੇ ਜੜ੍ਹਾਂ ਗਲ ਜਾਂਦੇ ਹਨ। ਤਣੇ ਦੇ ਪਿਉਂਦ ਵਾਲੇ ਹਿੱਸੇ ਨੇੜਿਉਂ ਗੂੰਦ ਨਿਕਲਣਾ ਇਸ ਬਿਮਾਰੀ ਦੀ ਪਹਿਲੀ ਨਿਸ਼ਾਨੀ ਹੈ। ਜਿਵੇਂ-ਜਿਵੇਂ ਜ਼ਖਮ ਵੱਡੇ ਹੁੰਦੇ ਹਨ, ਛਿੱਲ ਵਿੱਚ ਲੰਬੇ ਰੁਖ ਤਰੇੜਾਂ ਪੈ ਜਾਂਦੀਆਂ ਹਨ। ਬਾਗ ਵਿੱਚ ਪੱਤਿਆਂ ਦਾ ਝੜਨਾ ਅਤੇ ਪੀਲੇ ਪੈਣਾ ਅਤੇ ਫਲਾਂ ਦਾ ਗਾਲਾ ਆਦਿ ਲੱਛਣ ਨਜ਼ਰ ਆਉਂਦੇ ਹਨ। ਉੱਲੀ ਤਣੇ ਦੇ ਚਾਰੇ ਪਾਸੇ ਘੁੰਮ ਜਾਂਦੀ ਹੈ, ਜਿਸ ਕਾਰਨ ਬੂਟੇ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਬੂਟਾ ਮਰਨਾ ਸ਼ੁਰੂ ਹੋ ਜਾਂਦਾ ਹੈ, ਰੋਗੀ ਬੂਟਿਆਂ ਨੂੰ ਬਹੁਤ ਫੁੱਲ ਪੈਂਦੇ ਹਨ, ਜੋ ਫਲ ਦੇ ਬਨਣ ਤੋਂ ਪਹਿਲਾਂ ਹੀ ਝੜ ਜਾਂਦੇ ਹਨ ਅਤੇ ਬੂਟੇ ਫਲ ਦੇ ਪੱਕਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

**ਰੋਕਥਾਮ** : ਬੂਟੇ ਦਾ ਇਲਾਜ ਕਰਨ ਲਈ ਇਹ ਜ਼ਰੂਰੀ ਹੈ ਕਿ ਬਿਮਾਰੀ ਵਾਲੇ ਹਿੱਸੇ ਨਾਲ ਥੋੜ੍ਹਾ ਜਿਹਾ ਤੰਦਰੁਸਤ ਹਿੱਸਾ ਵੀ ਖੁਰਚ ਦਿਉ। ਜ਼ਖਮ ਨੂੰ ਕਿਰਮ ਰਹਿਤ ਘੋਲ ਨਾਲ ਸਾਫ ਕਰੋ। ਜ਼ਖਮ ਅਤੇ ਬੋਰਡੋ ਪੇਸਟ (ਮੱਲ੍ਹਮ) ਲਗਾ ਦਿਉ ਜਾਂ ਸਾਫ ਕੀਤੇ ਜ਼ਖਮਾਂ ਤੇ 2 ਗ੍ਰਾਮ ਕਰਜ਼ੈਟ ਐਮ 8 ਨੂੰ 100 ਮਿਲੀਲਿਟਰ ਅਲਸੀ ਦੇ ਤੇਲ ਵਿੱਚ ਘੋਲ ਕੇ ਜੁਲਾਈ-ਅਗਸਤ ਵਿੱਚ ਜ਼ਖਮਾਂ ਤੇ ਮਲ ਦਿਉ, ਬਾਅਦ ਵਿੱਚ ਇਸੇ ਦਵਾਈ ਦੇ 25 ਗ੍ਰਾਮ ਨੂੰ 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਤਣੇ ਦੇ ਚਾਰ ਚੁਫੇਰੇ ਵਾਲੀ ਮਿੱਟੀ ਨੂੰ ਚੰਗੀ ਤਰ੍ਹਾਂ ਗੜੁੱਚ ਕਰ ਦਿਉ ਜਾਂ ਬੂਟਿਆਂ ਦੇ ਮੁੱਢਾਂ ਅਤੇ ਉਹਨਾਂ ਦੀ ਛਤਰੀ ਹੇਠ ਸੋਡੀਅਮ ਹਾਈਪੋਕਲੋਰਾਈਟ 5% ਨੂੰ 50 ਮਿਲੀਲੀਟਰ ਪ੍ਰਤੀ ਬੂਟਾ ਦੇ ਹਿਸਾਬ ਨਾਲ 10 ਲੀਟਰ ਪਾਣੀ ਵਿੱਚ ਘੋਲ ਕੇ ਜੁਲਾਈ-ਅਗਸਤ ਵਿੱਚ ਚੰਗੀ ਤਰ੍ਹਾਂ ਛਿੜਕਾਅ ਕਰੋ।

**ਸਰਵਪੱਖੀ ਰੋਕਥਾਮ** : ਬੂਟਿਆਂ ਦੀ ਚੰਗੀ ਸਿਹਤ ਲਈ ਸਾਂਭ-ਸੰਭਾਲ ਅਤੇ ਪੌਦੇ ਨੂੰ ਤਣਾਅਪੂਰਨ ਹਾਲਤਾਂ ਜਿਵੇਂ ਕਿ ਨਮੀਂ ਦਾ ਵਧਣਾ ਜਾਂ ਘੱਟਣਾ, ਪੌਸ਼ਟਿਕ ਤੱਤਾਂ ਦੀ ਕਮੀਂ ਕਾਰਨ ਪੱਤੇ ਪੀਲੇ ਹੋਣਾ, ਬਿਮਾਰੀਆਂ ਤੋਂ ਨਿਰੰਤਰ ਬਚਾਉਣਾ ਆਦਿ ਸਾਵਧਾਨੀਆਂ ਸੁਚੱਜੀ ਅਤੇ ਸਰਵਪੱਖੀ ਰੋਕਥਾਮ ਲਈ ਬਹੁਤ ਜ਼ਰੂਰੀ ਹੁੰਦੀਆਂ ਹਨ। ਹੇਠ ਲਿਖੇ ਸਰਵਪੱਖੀ ਨੁਕਤੇ ਵਰਤ ਕੇ ਫਲ ਕੇਰ ਅਤੇ ਫਾਈਟੋਫਥੋਰਾ ਬਿਮਾਰੀ ਨੂੰ ਘਟਾਇਆ ਜਾ ਸਕਦਾ ਹੈ।

★ ਬਾਗ ਵਿੱਚ ਸਾਫ-ਸਫਾਈ ਰੱਖੋ।

★ ਉਤਾਰੀ ਹੋਈ ਰੋਗੀ ਛਿੱਲ ਅਤੇ ਸਾਰੀ ਸੋਕ ਨੂੰ ਇਕੱਠਾ ਕਰ ਕੇ ਸਾੜ ਦਿਉ।

★ ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਕੱਟੀ ਹੋਈ ਸੋਕ ਨੂੰ ਕਦੇ ਵੀ ਬੂਟਿਆਂ ਦੇ ਹੇਠਾਂ ਜਾਂ ਬਾਗ ਦੇ ਨੇੜੇ ਨਾ ਰੱਖੋ, ਕਿਉਂਕਿ ਇਸ ਤੋਂ ਬਿਮਾਰੀ ਵਰਖਾ ਦੌਰਾਨ ਸਾਰੇ ਬੂਟਿਆਂ ਤੇ ਫੈਲ ਸਕਦੀ ਹੈ।

★ ਬੂਟੇ ਦੇ ਘੇਰੇ ਹੇਠ ਨਦੀਨ ਨਹੀਂ ਹੋਣੇ ਚਾਹੀਦੇ ਹਨ। ਬੂਟੇ ਤੇ ਘੇਰੇ ਨੂੰ ਸਾਫ ਰੱਖੋ।

★ ਬੂਟੇ ਉੱਪਰ ਲਟਕਦੇ ਅਤੇ ਜ਼ਮੀਨ ਉੱਪਰ ਡਿੱਗੇ ਰੋਗੀ ਫਲਾਂ ਨੂੰ ਇਕੱਠੇ ਕਰਕੇ ਟੋਏ ਪੁੱਟ ਕੇ ਦੱਬ ਦੇਣਾ ਚਾਹੀਦਾ ਹੈ।

★ ਤਣੇ ਦੇ ਆਲੇ-ਦੁਆਲੇ ਮਿੱਟੀ ਨਾ ਚੜ੍ਹਾਉ।

★ ਕਿੰਨੂ ਦੇ ਬੂਟਿਆਂ ਵਿੱਚ ਨਵੇਂ ਪੱਤੇ ਬਣਾਉਣ ਲਈ ਅਤੇ ਫਲਾਂ ਦੇ ਵਾਧੇ ਲਈ ਵੱਡੇ ਅਤੇ ਸੂਖਮ ਤੱਤਾਂ ਦੇ ਚੰਗੇ ਸੰਤੁਲਨ ਦੀ ਲੋੜ ਹੁੰਦੀ ਹੈ। ਇਸ ਲਈ ਬੂਟਿਆਂ ਨੂੰ ਤੰਦਰੁਸਤ ਰੱਖਣ ਅਤੇ ਵਿਕਾਸ ਨੂੰ ਕਾਇਮ ਰੱਖਣ ਲਈ ਸਿਫਾਰਸ਼ ਕੀਤੇ ਹੋਏ ਤੱਤਾਂ ਦੀ ਵਰਤੋਂ ਸਮੇਂ ਸਿਰ ਕਰੋ।

★ ਫਸਲ ਦੌਰਾਨ ਕਿੰਨੂ ਦੇ ਬੂਟਿਆਂ ਨੂੰ ਸੋਕਾ ਨਹੀਂ ਲਗਣ ਦੇਣਾ ਚਾਹੀਦਾ ਕਿਉਂਕਿ ਪਾਣੀ ਦੀ ਕਮੀਂ ਐਬਸਿਸਕ ਐਸਿਡ ਨੂੰ ਵਧਾਉਂਦੀ ਹੈ ਅਤੇ ਫਲਾਂ ਦੀ ਕੇਰ ਨੂੰ ਤੇਜ਼ ਕਰਦੀ ਹੈ।

★ ਖੁੱਲ੍ਹਾ ਪਾਣੀ ਲਗਾਉਣ ਤੋਂ ਗੁਰੇਜ਼ ਕਰੋ। ਪਾਣੀ ਲੋੜ ਮੁਤਾਬਕ ਹੀ ਲਗਾਉ।

★ ਬਾਗ ਵਿੱਚ ਕਦੇ ਵੀ ਪਾਣੀ ਖੜ੍ਹਾ ਨਾ ਰਹਿਣ ਦਿਉ ਅਤੇ ਪਾਣੀ ਦੀ ਖੜੋਤ ਨੂੰ ਰੋਕਣ ਲਈ ਨਿਕਾਸ ਦਾ ਪੂਰਾ ਪ੍ਰਬੰਧ ਰੱਖੋ ਕਿਉਂਕਿ ਪਾਣੀ ਰਾਹੀਂ ਬਿਮਾਰੀਆਂ ਬੜੀ ਤੇਜ਼ੀ ਨਾਲ ਫੈਲਦੀਆਂ ਹਨ।

# ਬੇਬੀ ਕੌਰਨ ਦੀ ਸਫਲ ਕਾਸ਼ਤ



**ਮੱਕੀ ਦੀ ਅਜਿਹੀ ਛੱਲੀ, ਜਿਸ ਨੇ ਅਜੇ ਸੂਤ ਕੱਤਣ ਸ਼ੁਰੂ ਕੀਤਾ ਹੋਵੇ ਪਰ ਅਜੇ ਦਾਣੇ ਬਣਨ ਦੀ ਪ੍ਰਕਿਰਿਆ ਸ਼ੁਰੂ ਨਾ ਹੋਈ ਹੋਵੇ, ਅਜਿਹੀ ਛੱਲੀ ਨੂੰ ਤੋੜ ਕੇ ਬੇਬੀ ਕੌਰਨ ਦੇ ਤੌਰ 'ਤੇ ਵਰਤਿਆ ਜਾਂਦਾ ਹੈ । ਬੇਬੀ ਕੌਰਨ ਨੂੰ ਸਬਜ਼ੀ, ਅਚਾਰ, ਪਕੌੜੇ ਅਤੇ ਸੂਪ ਆਦਿ ਤਿਆਰ ਕਰਨ ਵਾਸਤੇ ਵਰਤਿਆ ਜਾਂਦਾ ਹੈ । ਇਸ ਦੀ ਵਰਤੋਂ ਵੱਖ-ਵੱਖ ਪਕਵਾਨਾਂ ਨੂੰ ਤਿਆਰ ਕਰਨ 'ਚ ਕੀਤੀ ਜਾਂਦੀ ਹੈ, ਜਿਵੇਂ ਕਿ ਹਲਵਾ, ਖੀਰ, ਬਰਫੀ, ਜੈਮ, ਚਟਨੀ, ਅਚਾਰ, ਕੈਂਡੀ, ਮੁਰੱਬਾ, ਸੂਖ ਮੰਚੂਰੀਅਨ, ਚਾਊਮਿਨ ਅਤੇ ਰਵਾਇਤੀ ਉਤਪਾਦ ਜਿਵੇਂ ਕਿ ਪਕੌੜੇ, ਸਲਾਦ, ਸੁੱਕੀਆਂ ਸਬਜ਼ੀਆਂ, ਕੋਫਤਾ, ਮਿਸ਼ਰਤ ਸਬਜ਼ੀ, ਰਾਇਤਾ ਆਦਿ । ਬੇਬੀ ਕੌਰਨ ਤੋੜਨ ਤੋਂ ਬਾਅਦ ਬਚੇ ਹੋਏ ਟਾਂਡਿਆਂ ਨੂੰ ਪਸ਼ੂਆਂ ਦੇ ਹਰੇ ਚਾਰੇ ਵਜੋਂ ਵਰਤਿਆ ਜਾ ਸਕਦਾ ਹੈ ।**

### ਢੁੱਕਵੀਂ ਕਿਸਮ

ਬੇਬੀ ਕੌਰਨ ਦੀ ਕਾਸ਼ਤ ਲਈ ਜਲਦੀ ਪੱਕਣ ਵਾਲੀ ਇਕ ਦੋਗਲੀ ਕਿਸਮ ਪੰਜਾਬ ਬੇਬੀ ਕੌਰਨ 1 ਦੀ ਸਿਫਾਰਸ਼ ਕੀਤੀ ਗਈ ਹੈ । ਪੀ ਏ ਯੂ ਵੱਲੋਂ ਪਹਿਲਾਂ ਸਿਫਾਰਸ਼ ਕੀਤੀ ਗਈ ਕਿਸਮਾਂ 'ਚੋਂ ਕਿਸਾਨਾਂ ਨੂੰ ਵਪਾਰਕ ਵਰਤੋਂ ਲਈ ਚੰਗੀ ਕੁਆਲਿਟੀ ਦੇ ਬੇਬੀ ਕੌਰਨ ਪ੍ਰਾਪਤ ਕਰਨ ਲਈ ਬਾਬੂ ਝੰਡੇ ਕੱਢਦੇ ਪੈਂਦੇ ਹਨ । ਇਸ ਰੁਕਾਵਟ ਨੂੰ ਸਿਫਾਰਸ਼ ਕੀਤੀ ਕਿਸਮ 'ਚ ਸਫਲਤਾ ਪੂਰਵਕ ਦੂਰ ਕੀਤਾ ਗਿਆ ਹੈ । ਪੰਜਾਬ ਬੇਬੀ ਕੌਰਨ 1 ਕਿਸਮ ਸਾਈਟੋਪਲਾਜ਼ਮਿਕ ਮੇਲ ਸਟਰਲਿਟੀ ਤੇ ਅਧਾਰਿਤ ਹੈ, ਜਿਸਦਾ ਮਤਲਬ ਇਹ ਹੈ ਇਸ ਕਿਸਮ 'ਚ ਪਰਾਗ ਕਣ ਨਹੀਂ ਹੁੰਦੇ ।

ਇਸ ਲਈ ਕਿਸਾਨਾਂ ਨੂੰ ਚੰਗੀ ਗੁਣਵੱਤਾ ਵਾਲੇ ਬੇਬੀ ਕੌਰਨ ਪ੍ਰਾਪਤ ਕਰਨ ਲਈ ਬਾਬੂ ਝੰਡਿਆਂ ਨੂੰ ਕੱਢਣ (ਡੀਟੈਸਲਿੰਗ) ਦੀ ਲੋੜ ਨਹੀਂ ਪੈਂਦੀ ਕਿਉਂਕਿ ਪਰਾਗਣ ਨਾਲ ਬੀਜ ਬਣ ਜਾਂਦਾ ਹੈ ਅਤੇ ਜੋ ਕਿ ਇਸ ਨੂੰ ਬੇਬੀ ਕੌਰਨ ਦੇ ਤੌਰ 'ਤੇ ਅਸਵੀਕਾਰਯੋਗ ਬਣਾ ਦਿੰਦਾ ਹੈ । ਇਸ ਨਾਲ ਬਾਬੂ ਝੰਡਿਆਂ ਨੂੰ ਕੱਢਣ ਲਈ ਹੋਣ ਵਾਲੇ ਸਮੇਂ, ਮਿਹਨਤ ਅਤੇ ਖਰਚੇ ਦੀ ਬੱਚਤ ਹੁੰਦੀ ਹੈ । ਇਹ ਕਿਸਮ ਲੱਗਭਗ ਬਿਜਾਈ ਤੋਂ 52 ਦਿਨਾਂ ਬਾਅਦ ਬੇਬੀ ਕੌਰਨ ਦੀ ਪਹਿਲੀ ਤੁੜਾਈ ਲਈ ਤਿਆਰ ਹੋ ਜਾਂਦੀ ਹੈ ਅਤੇ ਕਿਸਾਨ 10-12 ਦਿਨਾਂ ਦੇ ਵਕਫੇ 'ਚ 2 ਤੋਂ 3 ਤੁੜਾਈਆਂ ਲੈ ਸਕਦੇ ਹਨ । ਇਸ ਕਿਸਮਾਂ ਦੇ ਬੇਬੀਕੌਰਨ ਤੁੜਾਈ ਤੋਂ ਬਾਅਦ, ਕਿਸਾਨ ਮੱਕੀ ਦੇ ਟਾਂਡਿਆਂ ਨੂੰ ਹਰੇ ਚਾਰੇ ਵਜੋਂ ਵਰਤ ਸਕਦੇ ਹਨ । ਇਹ ਕਿਸਮ ਬੇਬੀ ਕੌਰਨ ਦੀ ਤੁੜਾਈ ਪੂਰੀ ਹੋਣ ਤੋਂ ਬਾਅਦ 128 ਕੁਇੰਟਲ ਪ੍ਰਤੀ ਏਕੜ ਚਾਰੇ ਦਾ ਝਾੜ ਦਿੰਦੀ ਹੈ ।

### ਬਿਜਾਈ ਦਾ ਸਮਾਂ ਤੇ ਢੰਗ

ਬੇਬੀ ਕੌਰਨ ਦੀ ਕਾਸ਼ਤ ਅਪ੍ਰੈਲ ਤੋਂ ਅਗਸਤ ਦੇ ਪਹਿਲੇ ਹਫਤੇ ਤੱਕ ਕੀਤੀ ਜਾ ਸਕਦੀ ਹੈ । ਇਕ ਏਕੜ ਬਿਜਾਈ ਲਈ 20 ਕਿਲੋ ਬੀਜ ਦੀ ਵਰਤੋਂ ਕਰਨੀ ਚਾਹੀਦੀ ਹੈ । ਬਿਜਾਈ ਸਿੱਧੀਆਂ ਕਤਾਰਾਂ 'ਚ ਕਰੋ । ਕਤਾਰ ਤੋਂ ਕਤਾਰ 20 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖਣਾ ਚਾਹੀਦਾ ਹੈ । ਸਾਰਾ ਖੇਤ ਇੱਕੋ ਵਾਰ ਨਹੀਂ ਬੀਜਣਾ ਚਾਹੀਦਾ । ਖੇਤ ਨੂੰ ਦੋ ਜਾਂ ਤਿੰਨ ਹਿੱਸਿਆਂ 'ਚ ਵੰਡ ਲਵੋ ਅਤੇ ਥੋੜੇ-ਥੋੜੇ ਵਕਫੇ ਮਗਰੋਂ ਬਿਜਾਈ ਕਰੋ ਤਾਂ ਜੋ ਸਮੇਂ ਸਿਰ ਮਾਰਕੀਟ ਦੀ ਮੰਗ ਅਨੁਸਾਰ ਸਪਲਾਈ ਕੀਤੀ ਜਾ ਸਕੇ ।

### ਸੰਭਾਵੀ ਫਸਲੀ ਚੱਕਰ

ਕਿਉਂਕਿ ਬੇਬੀ ਕੌਰਨ ਦੀ ਫਸਲ ਸਿਰਫ 60-65 ਦਿਨਾਂ ਦੀ ਹੈ ਸੋ ਅਪ੍ਰੈਲ ਤੋਂ ਸਤੰਬਰ ਤੱਕ ਦੋ ਜਾਂ ਤਿੰਨ ਫਸਲਾਂ ਲਗਾਤਾਰ ਇਕੋ ਹੀ ਖੇਤ 'ਚੋਂ ਲਈਆ ਜਾ ਸਕਦੀਆਂ ਹਨ । ਅਪ੍ਰੈਲ 'ਚ ਬੀਜੀ ਬੇਬੀ ਕੌਰਨ ਤੋਂ ਬਾਅਦ ਜੂਨ-ਜੁਲਾਈ 'ਚ ਝੋਨਾ ਜਾਂ ਬਾਸਮਤੀ ਦੀ ਵੀ ਕਾਸ਼ਤ ਕੀਤੀ ਜਾ ਸਕਦੀ ਹੈ । ਬੇਬੀ ਕੌਰਨ ਦੀਆਂ ਲਗਾਤਾਰ ਦੋ ਫਸਲਾਂ ਲੈਣ ਤੋਂ ਬਾਅਦ ਸਤੰਬਰ 'ਚ ਅਗੇਤੇ ਮਟਰ ਜਾਂ ਅਕਤੂਬਰ 'ਚ ਆਲੂ ਦੀ ਕਾਸ਼ਤ ਕੀਤੀ ਜਾ ਸਕਦੀ ਹੈ । ਬੇਬੀ ਕੌਰਨ ਖੇਤੀ ਆਮਦਨ ਵਧਾਉਣ ਅਤੇ ਖੇਤੀ ਵੰਨ-ਸਵੰਨਤਾ 'ਚ ਅਹਿਮ ਯੋਗਦਾਨ ਪਾ ਸਕਦੀ ਹੈ ।

### ਖਾਦਾਂ ਦੀ ਵਰਤੋਂ

ਖੁਰਾਕੀ ਤੱਤਾਂ ਦੀ ਵਰਤੋਂ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਫਸਲੀ ਚੱਕਰ ਅਨੁਸਾਰ ਕਰੋ । ਚੰਗਾ ਝਾੜ ਲੈਣ ਲਈ 52 ਕਿਲੋ ਯੂਰੀਆ, 75 ਕਿਲੋ ਸੁਪਰਫਾਸਫੇਟ ਜਾਂ 27 ਕਿਲੋ ਡੀ ਏ ਪੀ ਅਤੇ 15 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੀ ਵਰਤੋਂ ਕਰੋ । ਜੇਕਰ ਖੇਤ 'ਚ ਜ਼ਿੰਕ ਦੀ ਘਾਟ ਹੋਵੇ ਤਾਂ 10 ਕਿਲੋ ਸਲਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ । ਜੇਕਰ ਡੀ ਏ ਪੀ 27 ਕਿਲੋ ਪਾਈ ਹੋਵੇ ਤਾਂ ਯੂਰੀਆ 10 ਕਿਲੋ ਘਟਾ ਦਿਉ । ਖਾਦਾਂ ਦੀ ਸਮੇਂ ਸਿਰ ਵਰਤੋਂ ਫਸਲ ਦਾ ਝਾੜ ਵਧਾਉਂਦੀ ਹੈ । ਸਾਰੀ ਫਾਸਫੋਰਸ, ਪੋਟਾਸ਼ ਅਤੇ ਅੱਧਾ ਹਿੱਸਾ ਯੂਰੀਆ ਖਾਦ ਜਦ ਫਸਲ ਗੋਡੇ-ਗੋਡੇ ਹੋ ਜਾਵੇ ਉਸ ਵੇਲੇ ਪਾਓ ।

### ਬੇਬੀ ਕੌਰਨ 'ਚ ਖੁਰਾਕੀ ਤੱਤ

ਬੇਬੀ ਕੌਰਨ 'ਚ ਉਹ ਸਾਰੇ ਜ਼ਰੂਰੀ ਤੱਤ ਹੁੰਦੇ ਹਨ ਜੋ ਦੂਸਰੀਆਂ ਸਬਜ਼ੀਆਂ 'ਚ ਹੁੰਦੇ ਹਨ । ਬੇਬੀ ਕੌਰਨ 'ਚ ਪ੍ਰੋਟੀਨ, ਵਿਟਾਮਿਨ, ਕੈਲਸ਼ੀਅਮ, ਆਇਰਨ ਆਦਿ ਹੁੰਦਾ ਹੈ । ਇਸ ਤੋਂ ਇਲਾਵਾ ਇਸ 'ਚ ਫਾਸਫੋਰਸ ਵੀ ਕਾਫੀ ਮਾਤਰਾ 'ਚ ਹੁੰਦਾ ਹੈ ।

# ਆਓ ਹਰੀ ਖਾਦ ਵਾਲੀਆਂ ਫਸਲਾਂ ਦਾ ਮਿਆਰੀ ਬੀਜ ਪੈਦਾ ਕਰੀਏ ਕਾਸ਼ਤ ਦੇ ਢੰਗ

ਵਿਵੇਕ ਕੁਮਾਰ ਅਤੇ ਕਰਮਜੀਤ ਸ਼ਰਮਾ,
ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ

ਜੈਵਿਕ ਖਾਦਾਂ ਵਿਚ ਆਮ ਤੌਰ ਤੇ ਕਿਸਾਨ ਵੀਰ ਰੂੜੀ ਦੀ ਖਾਦ ਦੀ ਵਰਤੋਂ ਕਰਦੇ ਹਨ ਪ੍ਰੰਤੂ ਰੂੜੀ ਦੀ ਖਾਦ ਅਤੇ ਕੰਪੋਸਟ ਜ਼ਿਆਦਾ ਮਾਤਰਾ ਵਿਚ ਮੁਹੱਈਆ ਨਹੀਂ ਹੁੰਦੀਆਂ । ਇਸ ਲਈ ਹਰੀ ਖਾਦ ਦੀ ਵਰਤੋਂ ਕਿਸਾਨਾਂ ਲਈ ਬਹੁਤ ਹੀ ਲਾਹੇਵੰਦ ਸਾਬਿਤ ਹੋ ਸਕਦੀ ਹੈ ਕਿਉਂਕਿ ਇਸ ਦੀ ਵਰਤੋਂ ਨਾਲ ਜ਼ਮੀਨ ਵਿਚ ਜੈਵਿਕ ਮਾਦਾ ਵਧਾਇਆ ਜਾ ਸਕਦਾ ਹੈ ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿਚ ਸੁਧਾਰ ਹੁੰਦਾ ਹੈ । ਆਮ ਤੌਰ 'ਤੇ ਦੇਖਣ ਵਿਚ ਆਉਂਦਾ ਹੈ ਕਿ ਹਰੀ ਖਾਦ ਦੀ ਬਿਜਾਈ ਸਮੇਂ ਕਿਸਾਨਾਂ ਵਿਚ ਹਰੀ ਖਾਦ ਵਾਲੀਆਂ ਫਸਲਾਂ ਦੀ ਮੰਗ ਵਧ ਜਾਂਦੀ ਹੈ ਜਦਕਿ, ਇਸ ਸਮੇਂ ਦੌਰਾਨ, ਬਾਜ਼ਾਰ ਵਿਚ ਇਨ੍ਹਾਂ ਬੀਜਾਂ ਦੀ ਘਾਟ ਹੁੰਦੀ ਹੈ ਅਤੇ ਕਈ ਵਾਰ ਕਿਸਾਨ ਬੀਜ ਉਪਲਬਧ ਨਾ ਹੋਣ ਕਾਰਨ ਹਰੀ ਖਾਦ ਬੀਜਣ ਤੋਂ ਰਹਿ ਜਾਂਦੇ ਹਨ । ਇਸ ਸਮੱਸਿਆ ਨਾਲ ਨਜਿੱਠਣ ਲਈ ਕਿਸਾਨ ਆਪਣਾ ਸੁਧਰਿਆ ਬੀਜ ਖੁਦ ਪੈਦਾ ਕਰ ਸਕਦੇ ਹਨ । ਢੈਂਚਾ, ਸਣ ਅਤੇ ਰਵਾਂਹ ਹਰੀ ਖਾਦ ਲਈ ਬੀਜੀਆਂ ਜਾਣ ਵਾਲੀਆਂ ਮੁੱਖ ਫਸਲਾਂ ਦੇ ਮਿਆਰੀ ਬੀਜ ਹੇਠ ਦਿੱਤੇ ਗਏ ਨੁਕਤੇ ਅਪਣਾਉਣੇ ਚਾਹੀਦੇ ਹਨ ।

**ਢੈਂਚਾ (ਜੰਤਰ)** : ਢੈਂਚੇ ਦੀ ਕਾਸ਼ਤ ਹਰ ਤਰ੍ਹਾਂ ਦੀ ਜ਼ਮੀਨ ਵਿਚ ਕੀਤੀ ਜਾ ਸਕਦੀ ਹੈ ਪਰ ਮੈਰਾ ਜਾਂ ਨੀਮ ਰੇਤਲੀ ਜ਼ਮੀਨ ਇਸ ਲਈ ਬੜੀ ਢੁੱਕਵੀਂ ਹੈ । ਤੇਜ਼ਾਬੀ ਜਾਂ ਕਲਰਾਠੀਆਂ ਜ਼ਮੀਨਾਂ ਨੂੰ ਵੀ ਢੈਂਚਾ ਕੁਝ ਹੱਦ ਤਕ ਬਰਦਾਸ਼ਤ ਕਰ ਲੈਂਦਾ ਹੈ । ਜੇਕਰ ਮਿੱਟੀ ਪਰਖ ਅਨੁਸਾਰ ਜ਼ਮੀਨ ਦੀ ਪੀ. ਐੱਚ. 9.3 ਤੋਂ ਵੱਧ ਹੋਵੇ ਜਾਂ ਜਿਪਸਮ ਦੀ ਯੋਗ ਮਾਤਰਾ ਦੀ ਵਰਤੋਂ ਕਰ ਕੇ ਢੈਂਚੇ ਦੀ ਕਾਸ਼ਤ ਕਰਨੀ ਚਾਹੀਦੀ ਹੈ । ਪੰਜਾਬ ਢੈਂਚਾ, ਢੈਂਚੇ ਦੀ ਛੇਤੀ ਵਧਣ ਵਾਲੀ ਕਿਸਮ ਹੈ ਜੋ ਕਿ 150 ਦਿਨਾਂ ਵਿਚ ਪੱਕ ਜਾਂਦੀ ਹੈ । ਇਸ ਦੇ ਬੀਜ ਮੋਟੇ ਹੁੰਦੇ ਹਨ ਅਤੇ ਇਸ ਦਾ ਝਾੜ 7-8 ਕੁਇੰਟਲ ਪ੍ਰਤੀ ਹੈਕਟੇਅਰ ਤੱਕ ਹੋ ਜਾਂਦਾ ਹੈ । ਢੈਂਚੇ ਦੇ ਬੀਜ ਉਤਪਾਦਨ ਲਈ ਇਸ ਨੂੰ 8 ਤੋਂ 10 ਕਿਲੋ ਬੀਜ ਵਰਤਦੇ ਹੋਏ 45 ਸੈਂ. ਮੀ. ਵਿੱਥ ਦੀਆਂ ਕਤਾਰਾਂ ਵਿਚ ਅੱਧ ਜੂਨ ਤੋਂ ਜੁਲਾਈ ਤਕ ਬੀਜਣਾ ਚਾਹੀਦਾ ਹੈ । ਬੀਜ ਵਾਲੀ ਫਸਲ ਵਿਚ 12 ਕਿਲੋ ਫਾਸਫੋਰਸ ਤੱਤ (75 ਕਿਲੋ ਸਿੰਗਲ ਸੁਪਰਫਾਸਫੇਟ) ਪ੍ਰਤੀ ਏਕੜ ਬੀਜਣ ਸਮੇਂ ਪਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ । ਜੇਕਰ ਢੈਂਚੇ ਤੋਂ ਪਹਿਲਾਂ ਬੀਜੀ ਗਈ ਫਸਲ ਲਈ ਫਾਸਫੋਰਸ ਦੀ ਠੀਕ ਮਾਤਰਾ ਪਾਈ ਗਈ ਹੋਵੇ ਤਾਂ ਢੈਂਚੇ ਦੀ ਫਸਲ ਲਈ ਫਾਸਫੋਰਸ ਪਾਉਣ ਦੀ ਲੋੜ ਨਹੀਂ ਪੈਂਦੀ । ਬੀਜ ਲਈ ਬੀਜੀ ਗਈ ਫਸਲ ਨੂੰ ਫੁੱਲ ਪੈਣ ਅਤੇ ਬੀਜ ਬਣਨ ਦੇ ਸਮੇਂ ਪਾਣੀ ਦੀ ਘਾਟ ਨਹੀਂ ਆਉਣੀ ਚਾਹੀਦੀ । ਫਸਲ ਵਿਚੋਂ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਇਕ ਮਹੀਨਾ ਬਾਅਦ ਗੋਡੀ ਕਰਨੀ ਹੈ । ਬੀਜ ਲਈ ਫਸਲ ਦੀ ਕਟਾਈ, ਅਕਤੂਬਰ ਦੇ ਅੱਧ ਤੋਂ ਨਵੰਬਰ ਦੇ ਸ਼ੁਰੂ ਵਿੱਚ, ਜਦੋਂ ਫਸਲ ਪੱਕ ਕੇ ਤਿਆਰ ਹੋ ਜਾਵੇ, ਕਰਨੀ ਚਾਹੀਦੀ ਹੈ ।

**ਸਣ** : ਇਹ ਫਸਲ ਮਾੜੀਆਂ ਹਾਲਤਾਂ ਜਿਵੇਂ ਕਿ ਸੋਕਾ ਖਾਰੀਆਂ ਅਤੇ ਤੇਜ਼ਾਬੀ ਹਾਲਤਾਂ ਨੂੰ ਸਹਿਣ ਦੀ ਸਮਰੱਥਾ ਰੱਖਦੀ ਹੈ । ਸੇਮ ਵਾਲੀਆਂ ਜ਼ਮੀਨਾਂ ਨੂੰ ਛੱਡਕੇ ਇਹ ਫਸਲ ਹਰ ਤਰ੍ਹਾਂ ਦੀ ਜ਼ਮੀਨਾਂ ਵਿਚ ਉਗਾਈ ਜਾ ਸਕਦੀ ਹੈ ਪ੍ਰੰਤੂ ਹਲਕੀ ਭਲ ਤੋਂ ਭਲ ਵਾਲੀ ਇਸ ਲਈ ਬਹੁਤ ਹੀ ਢੁੱਕਵੀਂ ਹੈ । ਪੀ.ਏ.ਯੂ. ਵੱਲੋਂ ਸਣ ਦੀਆਂ ਸੁਧਰੀਆਂ ਕਿਸਮਾਂ ਪੀ ਏ ਯੂ-1691 ਅਤੇ ਨਰਿੰਦਰ ਸਨਈ-1, ਦੀ ਸਿਫਾਰਿਸ਼ ਕੀਤੀ ਗਈ ਹੈ । ਪੀ ਏ ਯੂ-1691 ਕਿਸਮ ਪੱਕਣ ਲਈ ਲਗਭਗ 136 ਅਤੇ ਨਰਿੰਦਰ ਸਨਈ-1 ਕਿਸਮ 152 ਦਿਨ ਦਾ ਸਮਾਂ ਲੈਂਦੀ ਹੈ ਅਤੇ ਇਨ੍ਹਾਂ ਦੇ ਬੀਜ ਦਾ ਝਾੜ ਕ੍ਰਮਵਾਰ 4,8 ਅਤੇ 3,9 ਕੁਇੰਟਲ ਪ੍ਰਤੀ ਏਕੜ ਹੈ । ਬੀਜ ਉਤਪਾਦਨ ਲਈ ਸਣ ਦੀ ਬਿਜਾਈ ਜੂਨ ਵਿਚ 10 ਕਿਲੋ ਬੀਜ ਵਰਤਦੇ ਹੋਏ 45 ਸੈਂਟੀਮੀਟਰ ਦੀ ਵਿੱਥ ਦੀਆਂ



ਕਤਾਰਾਂ 'ਤੇ ਕਰਨੀ ਚਾਹੀਦੀ ਹੈ । ਚੰਗਾ ਜੰਮ ਪ੍ਰਾਪਤ ਕਰਨ ਲਈ ਬਿਜਾਈ ਤੋਂ ਪਹਿਲਾਂ ਬੀਜ ਨੂੰ ਪਾਣੀ ਵਿਚ ਭਿਉਂ ਲੈਣਾ ਚਾਹੀਦਾ ਹੈ । ਬੀਜ ਲਈ ਬੀਜੀ ਫਸਲ ਵਿਚ 16 ਫਾਸਫੋਰਸ (100 ਕਿਲੋ ਸਿੰਗਲ ਸੁਪਰਫਾਸਫੇਟ) ਪ੍ਰਤੀ ਏਕੜ ਬਿਜਾਈ ਵੇਲੇ ਪਾਉਣੀ ਚਾਹੀਦੀ ਹੈ । ਫਸਲ ਨੂੰ ਫੁੱਲ ਆਉਣ ਸਮੇਂ ਅਤੇ ਦਾਣਾ ਬਣਨ ਸਮੇਂ ਪਾਣੀ ਦੀ ਘਾਟ ਨਹੀ ਆਉਣੀ ਚਾਹੀਦੀ । ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਇਕ ਮਹੀਨੇ ਬਾਅਦ ਇਕ ਗੋਡੀ ਕਰਨੀ ਚਾਹੀਦੀ ਹੈ । ਅੱਧ ਅਕਤੂਬਰ ਤੋਂ ਨਵੰਬਰ ਦੇ ਸ਼ੁਰੂ ਵਿਚ ਪੱਕ ਕੇ ਕਟਾਈ ਲਈ ਤਿਆਰ ਹੋ ਜਾਂਦੀ ਹੈ ।

**ਰਵਾਂਹ** : ਰਵਾਂਹ ਨੂੰ ਪੰਜਾਬ ਦੇ ਸੇਂਜੂ ਇਲਾਕਿਆਂ ਵਿਚ ਕਾਸ਼ਤ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ । ਇਸ ਦੀ ਕਿਸਮ ਸੀ. ਐੱਸ. 367 ਜੋ ਕਿ ਚਾਰੇ ਤੇ ਦਾਲੇ ਦੋਵਾਂ ਮੰਤਵਾਂ ਲਈ ਢੁੱਕਵੀਂ ਹੈ । ਹਰੇ ਚਾਰੇ ਦਾ 108 ਕੁਇੰਟਲ ਦਾਣਿਆਂ ਦਾ ਝਾੜ ਦਿੰਦੀ ਹੈ । ਚਾਰੇ ਲਈ ਇਸ ਦੀ ਬਿਜਾਈ ਮਾਰਚ ਤੋਂ ਅੱਧ ਜੁਲਾਈ ਤਕ ਜਦਕਿ ਬੀਜ ਵਾਲੀ ਫਸਲ ਅਗਸਤ ਦੇ ਪਹਿਲੇ ਹਫਤੇ ਤੱਕ ਬੀਜੀ ਜਾ ਸਕਦੀ ਹੈ । ਬਿਜਾਈ 8 ਕਿਲੋ ਬੀਜ ਪ੍ਰਤੀ ਏਕੜ ਵਰਤਦੇ ਹੋਏ 30 ਸੈਂਟੀਮੀਟਰ ਫਾਸਲੇ ਦੀਆਂ ਕਤਾਰਾਂ ਵਿਚ ਕਰਨੀ ਚਾਹੀਦੀ ਹੈ । ਬੀਜ ਨੂੰ 100 ਮਿਲੀਲਿਟਰ ਤਰਲ ਜੈਵਿਕ ਖਾਦ ਦੇ ਪੈਕ (ਬਰਧੋਲਡਰੀਆ ਸੇਮੀਨੇਲਿਸ) ਦਾ ਟੀਕਾ ਲਾਉਣਾ ਲਾਹੇਵੰਦ ਰਹਿੰਦਾ ਹੈ । ਬਿਜਾਈ ਸਮੇਂ (7.5 ਕਿਲੋਗ੍ਰਾਮ ਨਾਈਟ੍ਰੋਜਨ (16.5 ਕਿਲੋ ਯੂਰੀਆ) ਅਤੇ 22 ਕਿਲੋ ਫਾਸਫੋਰਸ (140 ਕਿਲੋ ਸੁਪਰਫਾਸਫੇਟ) ਪ੍ਰਤੀ ਏਕੜ ਪਾਉਣੀ ਚਾਹੀਦੀ ਹੈ । ਜੇਕਰ ਰਵਾਂਹ ਨੂੰ ਕਣਕ ਪਿੱਛੋਂ ਬੀਜਣਾ ਹੋਵੇ ਜਿਸ ਨੂੰ ਫਾਸਫੋਰਸ ਦੀ ਸਿਫਾਰਸ਼ ਕੀਤੀ ਮਾਤਰਾ ਪਾਈ ਹੋਵੇ ਤਾਂ ਫਾਸਫੋਰਸ ਤੱਤ ਪਾਉਣ ਦੀ ਲੋੜ ਨਹੀਂ । ਫਸਲ ਨੂੰ ਲੋੜ ਅਨੁਸਾਰ ਕੁੱਲ 4 ਤੋਂ 5 ਪਾਣੀ ਕਾਫੀ ਹਨ । ਚੰਗੇ ਜਲ ਨਿਕਾਸ ਦੀ ਹਾਲਤ ਵਿਚ ਫਸਲ ਵਧੇਰੇ ਹੁੰਦੀ ਹੈ । ਜੇਕਰ ਹਰੀ ਖਾਦ ਦੀ ਫਸਲ ਵਿਚ ਕੀੜੇ ਮਕੌੜਿਆਂ ਦੀ ਸਮੱਸਿਆ ਆਵੇ ਤਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਜਾਂ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਦੇ ਮਾਹਿਰਾਂ ਦੀ ਰਾਇ ਲੈਣੀ ਚਾਹੀਦੀ ਹੈ । ਇਸ ਤਰ੍ਹਾਂ ਉੱਪਰ ਦੱਸੇ ਗਏ ਨੁਕਤੇ ਅਪਣਾ ਕੇ ਕਿਸਾਨ ਵੀਰ ਹਰੀ ਖਾਦ ਵਾਲੀਆਂ ਫਸਲਾਂ ਦਾ ਆਪਣਾ ਮਿਆਰੀ ਬੀਜ ਪੈਦਾ ਕਰ ਸਕਦੇ ਹਨ ।



# ਕਿਸਾਨ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਨਹੀਂ ਅਪਣਾ ਰਹੇ, ਕਿਉਂ ?


ਭਗਵਾਨ ਦਾਸ

ਪੰਜਾਬ 'ਚ ਝੋਨਾ ਖਰੀਫ ਦੀ ਮੁੱਖ ਫ਼ਸਲ ਹੈ। ਜੋ 31-32 ਲੱਖ ਹੈਕਟੇਅਰ ਰਕਬੇ ਤੇ ਕਾਸ਼ਤ ਕੀਤੀ ਜਾਂਦੀ ਹੈ। ਪਿਛਲੇ ਸਾਲ ਇਸ ਦੀ ਕਾਸ਼ਤ ਥੱਲੇ 31.99 ਲੱਖ ਹੈਕਟੇਅਰ (5.96 ਲੱਖ ਹੈਕਟੇਅਰ ਬਾਸਮਤੀ), ਸੰ: 2022 'ਚ 31.67 ਲੱਖ ਹੈਕਟੇਅਰ, ਸੰ: 2020 'ਚ 31.49 ਲੱਖ ਹੈਕਟੇਅਰ ਰਕਬਾ ਸੀ। ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਅਨੁਸਾਰ ਇਸ ਸਾਲ ਬਾਸਮਤੀ ਨੂੰ ਮਿਲਾ ਕੇ ਰਕਬਾ 32 ਲੱਖ ਹੈਕਟੇਅਰ ਨੂੰ ਛੂਹ ਜਾਣ ਦੀ ਸੰਭਾਵਨਾ ਹੈ। ਰਕਬਾ ਵਧਣ ਦਾ ਕਾਰਨ ਨਰਮੇ ਅਤੇ ਮੱਕੀ ਥੱਲਿਉ ਰਕਬੇ ਦਾ ਨਿੱਕਲ ਕੇ ਝੋਨੇ ਦੀ ਕਾਸ਼ਤ ਥੱਲੇ ਆਉਣਾ ਹੈ।

ਝੋਨੇ ਦੀ ਸਿੱਧੀ ਬਿਜਾਈ ਜਿਸ ਨਾਲ ਪਾਣੀ ਦੀ 10 ਤੋਂ 20 ਪ੍ਰਤੀਸ਼ਤ ਤੱਕ ਬੱਚਤ ਹੁੰਦੀ ਹੈ ਤੇ ਜ਼ਮੀਨ ਵਿੱਚ ਪਾਣੀ ਦਾ 10 ਤੋਂ 12 ਪ੍ਰਤੀਸ਼ਤ ਰਿਚਾਰਜ ਵੀ ਹੁੰਦਾ ਹੈ ਅਤੇ ਖੇਤ ਮਜ਼ਦੂਰ ਘੱਟ ਲੋੜੀਂਦੇ ਹਨ, ਕੇਵਲ 2.25 ਲੱਖ ਏਕੜ ਰਕਬੇ ਤੇ ਹੋਈ ਹੈ। ਪੰਜਾਬ ਸਰਕਾਰ ਨੇ ਸਿੱਧੀ ਬਿਜਾਈ ਦਾ ਟੀਚਾ 5 ਲੱਖ ਏਕੜ ਦਾ ਰੱਖਿਆ ਸੀ। ਇਹ ਰਕਬਾ ਨਿਸ਼ਾਨੇ ਤੋਂ ਅੱਧੇ ਤੋਂ ਵੀ ਘੱਟ ਹੈ। ਖੇਤੀਬਾੜੀ ਵਿਭਾਗ ਦੇ ਨਿਰਦੇਸ਼ਕ ਡਾ. ਜਸਵੰਤ ਸਿੰਘ ਅਨੁਸਾਰ ਇਹ ਰਕਬਾ ਵੀ ਬਹੁਤਾ ਬਾਸਮਤੀ ਕਿਸਮਾਂ ਨਾਲ ਬੀਜਿਆ ਗਿਆ ਹੈ। ਝੋਨਾ ਸਿੱਧੀ ਬਿਜਾਈ ਤਕਨੀਕ ਨਾਲ ਬਹੁਤ ਘੱਟ ਰਕਬੇ ਤੇ ਕਾਸ਼ਤ ਹੋਇਆ ਹੈ। ਬਾਸਮਤੀ ਕਿਸਮਾਂ ਦਾ ਝੋਨੇ ਨਾਲੋਂ ਸਿੱਧੀ ਬਿਜਾਈ ਨਾਲ ਬੀਜੇ ਜਾਣ ਲਈ ਆਈ ਸੀ ਏ ਆਰ - ਭਾਰਤੀ ਖੇਤੀ ਖੋਜ ਸੰਸਥਾਨ ਵੱਲੋਂ ਵਿਕਸਿਤ ਅਤੇ ਇਸੇ ਸਾਲ ਰਲੀਜ਼ ਕੀਤੀਆਂ ਗਈਆਂ ਪੂਸਾ ਬਾਸਮਤੀ -1985 ਅਤੇ ਪੂਸਾ ਬਾਸਮਤੀ -1979 ਕਿਸਮਾਂ ਦਾ ਯੋਗਦਾਨ ਹੈ। ਇਹ ਦੋਵੇਂ ਕਿਸਮਾਂ ਸਿੱਧੀ ਬਿਜਾਈ ਲਈ ਸਿਫਾਰਸ਼ ਕੀਤੀਆਂ ਗਈਆਂ ਹਨ। ਪੂਸਾ ਬਾਸਮਤੀ -1985 ਕਿਸਮ ਪੀ ਬੀ -1509 ਕਿਸਮ (ਥੋੜ੍ਹੇ ਸਮੇਂ 'ਚ ਪੱਕਣ ਵਾਲੀ) ਦਾ ਬਦਲ ਹੈ ਅਤੇ ਪੂਸਾ ਬਾਸਮਤੀ -1979 ਕਿਸਮ ਪੀ ਬੀ -1121 (ਵਿਸ਼ਵ 'ਚ ਸਭ ਤੋਂ ਲੰਮੇ ਚੋਲਾਂ ਵਾਲੀ ਵਿਦੇਸ਼ਾਂ 'ਚ ਖਪਤਕਾਰਾਂ ਦੀ ਪਸੰਦ ਬਣੀ) ਕਿਸਮ ਦਾ ਬਦਲ ਹੈ। ਸੰ: 2020 ਦੌਰਾਨ 5 ਲੱਖ ਏਕੜ ਅਤੇ ਸੰ: 2021 'ਚ 6 ਲੱਖ ਏਕੜ ਰਕਬੇ ਤੇ ਸਿੱਧੀ ਬਿਜਾਈ ਤਕਨੀਕ ਵਰਤ ਕੇ ਝੋਨਾ ਲਾਇਆ ਗਿਆ ਸੀ । ਜਦੋਂ ਕਿ ਪਿਛਲੇ ਸਾਲ ਇਸ ਤਕਨੀਕ ਨਾਲ ਕੇਵਲ 1.74 ਲੱਖ ਏਕੜ ਰਕਬਾ ਹੀ ਕਾਸ਼ਤ ਹੋਇਆ ਸੀ। ਜੋ ਇਸ ਸਾਲ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਕੀਤੇ ਗਏ ਜ਼ੋਰਦਾਰ ਉਪਰਾਲਿਆਂ ਉਪਰੰਤ ਰਕਬੇ 'ਚ ਮਾਮੂਲੀ ਜਿਹਾ ਵਾਧਾ ਹੋਇਆ। ਖੇਤੀਬਾੜੀ ਡਾਇਰੈਕਟਰ ਡਾ. ਜਸਵੰਤ ਸਿੰਘ ਦਾ ਕਹਿਣਾ ਹੈ ਕਿ ਸ਼ਦੀਦ ਗਰਮੀ ਪੈਣ ਕਾਰਨ ਇਹ ਤਕਨੀਕ ਇਸ ਸਾਲ ਪੂਰੀ ਤਰ੍ਹਾਂ ਨਹੀਂ ਵਰਤੀ ਗਈ ਕਿਉਂਕਿ ਅਜਿਹੇ ਮੌਸਮ 'ਚ ਸਿੱਧੀ ਬਿਜਾਈ 'ਚ ਬੀਜ ਘੱਟ ਉੱਗਦਾ ਹੈ, ਜਰਮੀਨੇਸ਼ਨ ਘੱਟ ਹੁੰਦੀ ਹੈ। ਪ੍ਰੰਤੂ ਕਿਸਾਨਾਂ ਦਾ ਕਹਿਣਾ ਹੈ ਕਿ ਉਹ ਸਿੱਧੀ ਬਿਜਾਈ ਨੂੰ ਇਸ ਲਈ ਨਹੀਂ ਅਪਣਾਅ ਰਹੇ ਕਿਉਂਕਿ ਪਨੀਰੀ ਨਾਲ ਝੋਨੇ ਦੀ ਲਗਾਈ (ਕੱਦੂ ਕਰਕੇ) ਦੇ ਮੁਕਾਬਲੇ ਸਿੱਧੀ ਬਿਜਾਈ ਨਾਲ ਬੀਜੇ ਹੋਏ ਝੋਨੇ ਦਾ ਝਾੜ ਘੱਟ ਨਿਕਲਦਾ ਹੈ। ਸਿੱਧੀ ਬਿਜਾਈ 'ਚ ਨਦੀਨਾਂ ਦੀ ਵੀ ਗੰਭੀਰ ਸਮੱਸਿਆ ਆਉਂਦੀ ਹੀ ਹੈ ਜਿਹਨਾਂ ਤੇ ਆਮ ਕਿਸਾਨਾਂ ਵੱਲੋਂ ਮਹਿੰਗੀਆਂ ਦਵਾਈਆ ਦੀ ਵਰਤੋਂ ਕਰਕੇ ਜਾਂ ਗੋਡੀ ਕਰ ਕੇ ਵੀ ਕਾਬੂ ਪਾਉਣਾ ਬੜਾ ਅਸੰਭਵ ਹੈ। ਜਿਸ ਲਈ ਉਨ੍ਹਾਂ ਨੂੰ ਖਰਚ ਵੀ ਬਹੁਤ ਕਰਨਾ ਪੈਂਦਾ ਹੈ।

ਪੰਜਾਬ ਸਰਕਾਰ ਨਾਲ ਝੋਨੇ ਦਾ ਰਾਜ 'ਚ ਸਭ ਤੋਂ ਵੱਧ ਝਾੜ ਲੈਣ ਵੱਜੋਂ 'ਕ੍ਰਿਸ਼ੀ ਕਰਮਨ ਪੁਰਸਕਾਰ' ਲੈਣ ਵਾਲਾ ਪੀ ਏ ਯੂ ਤੋਂ ਸਨਮਾਨਿਤ ਅਗ੍ਰਾਂਵਧੂ ਕਿਸਾਨ ਰਾਜਮੋਹਨ ਸਿੰਘ ਕਾਲੇਕਾ ਬਿਸ਼ਨਪੁਰ ਛੰਨਾ (ਪਟਿਆਲਾ) ਕਹਿੰਦਾ ਹੈ ਕਿ ਸਿੱਧੀ ਬਿਜਾਈ ਨਾਲ ਬੀਜੇ ਝੋਨੇ 'ਚ ਪਨੀਰੀ ਨਾਲ ਲਗਾਏ ਝੋਨੇ ਦੇ ਮੁਕਾਬਲੇ ਪਾਣੀ ਦੀ ਵੀ ਕੋਈ ਖਾਸ ਬਚੱਤ ਨਹੀਂ ਹੁੰਦੀ। ਉਸ ਅਨੁਸਾਰ ਇੱਕ 15 ਹਾਰਸ ਪਾਵਰ ਦੀ ਮੋਟਰ ਨਾਲ ਚੱਲ ਰਿਹਾ ਟਿਊਬਵੈੱਲ ਪਨੀਰੀ ਨਾਲ ਲਗਾਇਆ ਹੋਇਆ ਝੋਨਾ 8 ਏਕੜ ਤੱਕ ਪਾਲਣ ਲਈ ਕਾਫੀ ਹੈ, ਜਦੋਂ ਕਿ ਸਿੱਧੀ ਬਿਜਾਈ ਤਕਨੀਕ ਨਾਲ ਲਾਇਆ ਝੋਨਾ 5 ਏਕੜ ਤੱਕ ਹੀ ਪਲਦਾ ਹੈ। ਸਿੱਧੀ ਬਿਜਾਈ ਨਾਲ ਬੀਜੇ ਝੋਨੇ ਵਿੱਚ ਪਾਣੀ ਖੜ੍ਹਦਾ ਨਹੀਂ ਅਤੇ ਵਾਰ - ਵਾਰ 15 ਤੋਂ 18 ਵਾਰ ਪਾਣੀ ਦੇਣਾ ਪੈਂਦਾ ਹੈ। ਅਗ੍ਰਾਂਵਧੂ ਪੀ ਏ ਯੂ ਤੋਂ ਸਨਮਾਨਿਤ ਕਿਸਾਨ ਬਲਬੀਰ ਸਿੰਘ ਜੜ੍ਹੀਆ ਧਰਮਗੜ੍ਹ (ਅਮਲੋਹ) ਜਿਸ ਨੇ ਸਿੱਧੀ ਬਿਜਾਈ ਤਕਨੀਕ ਨਾਂਲ ਝੋਨਾ ਲਗਾਇਆ ਹੈ ਕਹਿੰਦਾ ਹੈ ਕਿ ਪਾਣੀ ਦੀ ਬੱਚਤ ਕਰਨ ਲਈ ਸੂਝ ਬੂਝ ਨਾਲ ਪਾਣੀ ਪ੍ਰਬੰਧਨ ਕਰਨ ਦੀ ਲੋੜ ਹੈ। ਸਿੱਧੀ ਬਿਜਾਈ ਦੀ ਸੋਧੀ ਹੋਈ ਵਿਲੱਖਣ ਤਕਨੀਕ 'ਤਰ ਵੱਤਰ ਖੇਤ ਵਿੱਚ ਸਿੱਧੀ ਬਿਜਾਈ' ਤਾਂ ਸੰ: 2020 ਵਿੱਚ ਹੀ ਸਿਫਾਰਸ਼ ਕੀਤੀ ਗਈ ਸੀ ਅਤੇ ਕਿਸਾਨਾਂ ਨੂੰ ਇਸ ਸੰਬੰਧੀ 2-3 ਸਾਲ ਦਾ ਤਜਰਬਾ ਤੇ ਜਾਣਕਾਰੀ ਹੀ ਹੈ ਜਦੋਂ ਕਿ ਪਨੀਰੀ ਨਾਲ ਲਗਾਏ ਝੋਨੇ ਦੀ ਤਕਨੀਕ ਪਿਛਲੀ ਸ਼ਤਾਬਦੀ 'ਚ ਵਾਪਰੇ ਸਬਜ਼ ਇਨਕਲਾਬ ਤੋਂ ਪਹਿਲਾਂ ਤੋਂ ਰਵਾਇਤੀ ਤੌਰ ਤੇ ਵਰਤੀ ਜਾਂਦੀ ਰਹੀ ਹੈ। ਕਿਸਾਨਾਂ ਨੂੰ ਇਸ ਦੀ ਪੂਰੀ ਜਾਣਕਾਰੀ ਅਤੇ ਤਜਰਬਾ ਹੈ। ਸਿੱਧੀ ਬਿਜਾਈ ਵਾਲੇ ਝੋਨੇ 'ਚ ਜੋਖ਼ਮ ਵੀ ਹੈ। ਨਦੀਨਾਂ, ਘੱਟ ਜਰਮੀਨੇਸ਼ਨ ਅਤੇ ਮੌਸਮ ਦੀ ਕਰੋਪੀ ਕਾਰਨ ਝਾੜ ਘਟ ਜਾਂਦਾ ਹੈ। ਸਿੱਧੀ ਬਿਜਾਈ ਨਾਲ ਝੋਨਾ ਸਿਰਫ ਦਰਮਿਆਨੀ ਤੋਂ ਭਾਰੀ ਜ਼ਮੀਨਾਂ 'ਚ ਹੀ ਕਾਮਯਾਬ ਹੈ। ਕਈ ਕਿਸਾਨ ਸਰਕਾਰ ਤੋਂ 1500 ਰੁਪਏ ਏਕੜ ਦੀ ਸਹਾਇਤਾ ਲੈਣ ਲਈ ਹਲਕੀਆਂ ਜ਼ਮੀਨਾਂ 'ਚ ਵੀ ਝੋਨੇ ਦੀ ਸਿੱਧੀ ਬਿਜਾਈ ਕਰ ਲੈਂਦੇ ਹਨ। ਹਲਕੀਆਂ ਜ਼ਮੀਨਾਂ 'ਚ ਲੋਹੇ ਦੀ ਘਾਟ ਆ ਜਾਂਦੀ ਹੈ ਅਤੇ ਝਾੜ ਬਹੁਤ ਘੱਟ ਜਾਂਦਾ ਹੈ। ਫੇਰ ਸਿੱਧੀ ਬਿਜਾਈ ਲਈ ਘੱਟ ਅਤੇ ਦਰਮਿਆਨੇ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਹੀ ਢੁੱਕਵੀਂਆਂ ਹਨ ਜਦੋਂ ਕਿ ਕਿਸਾਨ ਲੰਮੇ ਸਮੇਂ 'ਚ ਪੱਕਣ ਵਾਲੀ ਪੂਸਾ ਬਾਸਮਤੀ -1121 ਜਿਹੀਆਂ ਕਿਸਮਾਂ ਵੀ ਲਗਾ ਲੈਂਦੇ ਹਨ। ਜਿਸ ਕਾਰਨ ਸਮੱਸਿਆ ਆਉਂਦੀ ਹੈ। ਸਿੱਧੀ ਬਿਜਾਈ ਲਈ ਜੂਨ ਦਾ ਪਹਿਲਾ ਪੰਦਰਵਾੜਾ ਅਨੁਕੂਲ ਸਮਾਂ ਹੈ। ਜਦੋਂ ਕਿ ਕਿਸਾਨ 15 ਜੂਨ ਤੋਂ ਬਾਅਦ ਵੀ ਸਿੱਧੀ ਬਿਜਾਈ ਕਰੀ ਜਾਂਦੇ ਹਨ। ਇਸ ਸਾਲ ਤਾਂ ਪੂਸਾ ਵੱਲੋਂ ਸਿੱਧੀ ਬਿਜਾਈ ਲਈ ਵਿਕਸਿਤ ਦੋ ਕਿਸਮਾਂ ਦਾ ਬੀਜ ਵੀ ਜਿਹੜੇ ਕਿਸਾਨਾਂ ਨੂੰ ਦਿੱਤਾ ਗਿਆ, ਦੇਰੀ ਨਾਲ ਜੂਨ ਦੇ ਮਹੀਨੇ ਦਿੱਤਾ ਗਿਆ। ਜਿਸ ਨਾਲ ਉਤਪਾਦਕਤਾ ਪ੍ਰਭਾਵਤ ਹੋਣ ਦੀ ਸੰਭਾਵਨਾ ਹੈ। ਪੀ ਏ ਯੂ ਵੱਲੋਂ ਬੀਜ ਨੂੰ 8 ਤੋਂ 12 ਘੰਟੇ ਪਾਣੀ ਵਿੱਚ ਭਿਉਂ ਕੇ, ਛਾਵੇਂ ਸੁਕਾ ਕੇ, ਮੈਨਕੋਜ਼ੇਬ + ਕਾਰਬੈਂਡਾਜ਼ਿਮ ਨਾਲ ਸੋਧ ਕੇ 20 ਸੈਂ. ਮੀ. ਦੂਰ ਕਤਾਰਾਂ ਵਿੱਚ 3-4 ਸੈਂ. ਮੀ. ਡੂੰਘੀ ਬਿਜਾਈ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਸਿਫਾਰਸ਼ ਨੂੰ ਵੀ ਕਈਂ ਵੇਰ ਕਿਸਾਨ ਠੀਕ ਤੌਰ ਤੇ ਨਹੀਂ ਅਪਣਾਉਂਦੇ। ਇਸ ਕਾਰਨ ਵੀ ਝਾੜ ਘੱਟ ਜਾਂਦਾ ਹੈ। ਜਿੱਥੇ ਸਿੱਧੀ ਬਿਜਾਈ ਕਰਨੀ ਹੋਵੇ ਉਸ ਖੇਤ ਨੂੰ ਪਹਿਲਾਂ ਲੇਜ਼ਰ ਲੈਵਲ ਕਰਾਹੇ ਨਾਲ ਪੱਧਰ ਕਰ ਲੈਣਾ ਚਾਹੀਦਾ ਹੈ। ਇਸ 'ਨੂੰ ਵੀ ਕਿਸਾਨ ਖਰਚਾ ਘਟਾਉਣ ਲਈ ਨਹੀਂ ਕਰਵਾਉਂਦੇ। ਜਿਸ ਨਾਲ ਉਤਪਾਦਕਤਾ ਪ੍ਰਭਾਵਤ ਹੁੰਦੀ ਹੈ।

ਝੋਨੇ (ਜਿਸ 'ਚ ਬਾਸਮਤੀ ਸ਼ਾਮਿਲ ਹੈ) ਦੀ ਕਾਸ਼ਤ ਥੱਲੇ ਰਕਬਾ ਮਤਵਾਤਰ ਵਧ ਰਿਹਾ ਹੈ। ਡਾਇਰੈਕਟਰ ਖੇਤੀਬਾੜੀ ਅਨੁਸਾਰ 32 ਲੱਖ ਹੈਕਟੇਅਰ ਵਿੱਚੋਂ ਇਸ ਸਾਲ ਬਾਸਮਤੀ ਦੀ ਕਾਸ਼ਤ 10 ਲੱਖ ਹੈਕਟੇਅਰ ਤੱਕ ਚਲੇ ਜਾਣ ਦੀ ਸੰਭਾਵਨਾ ਹੈ। ਕਿਉਂਕਿ ਕਿਸਾਨਾਂ ਨੂੰ ਪਿਛਲੇ ਸਾਲ ਬਾਸਮਤੀ ਦਾ ਲਾਭਦਾਇਕ ਭਾਅ 4200 ਤੋਂ 4800 ਰੁਪਏ ਪ੍ਰਤੀ ਕੁਇੰਟਲ ਤੱਕ ਮਿਲਿਆ ਅਤੇ ਬਾਸਮਤੀ ਕਿਸਮਾਂ ਦਾ ਝਾੜ ਵੀ ਵਧੀਆ ਰਿਹਾ। ਨਰਮੇ ਦੀ ਕਾਸ਼ਤ ਥੱਲੇ ਰਕਬਾ ਘਟਦਾ ਜਾ ਰਿਹਾ ਹੈ। ਪਿਛਲੇ ਸਾਲ 1.75 ਲੱਖ ਹੈਕਟੇਅਰ ਰਹਿ ਗਿਆ ਸੀ ਜੋ ਇਸ ਸਾਲ ਘਟ ਕੇ 1 ਲੱਖ ਹੈਕਟੇਅਰ ਤੋਂ ਵੀ ਥੱਲੇ ਚਲਾ ਗਿਆ। ਪਿਛਲੀ ਸ਼ਤਾਬਦੀ ਦੋਰਾਨ 8ਵੇਂ 9ਵੇਂ ਦਹਾਕੇ 'ਚ ਇਹ ਰਕਬਾ 7 ਲੱਖ ਹੈਕਟੇਅਰ ਤੋਂ ਵੀ ਵੱਧ ਹੁੰਦਾ ਸੀ। ਚਿੱਟੀ ਮੱਖੀ ਅਤੇ ਹੋਰ ਬਿਮਾਰੀਆਂ ਕਾਰਨ ਜੋਖ਼ਮ ਵਾਲੀ ਫ਼ਸਲ ਹੋਣ ਕਾਰਨ ਕਿਸਾਨ ਨਰਮੇ ਦੀ ਕਾਸ਼ਤ ਨੂੰ ਛੱਡਦੇ ਜਾ ਰਹੇ ਹਨ ਅਤੇ ਉਸ ਦੀ ਥਾਂ ਝੋਨਾ, ਬਾਸਮਤੀ ਬੀਜਣ ਵੱਲ ਵਧ ਰਹੇ ਹਨ ਜੋ ਖਰੀਫ ਦੇ ਮੌਸਮ ਵਿੱਚ ਸਭ ਦੂਜੀਆਂ ਫ਼ਸਲਾਂ ਨਾਲੋਂ ਵੱਧ ਮੁਨਾਫਾ ਦਿੰਦੀ ਹੈ। ਜ਼ਮੀਨ ਥੱਲੇ ਪਾਣੀ ਦਾ ਪੱਧਰ ਗਿਰਣ ਕਾਰਨ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਕਾਸ਼ਤ ਘਟਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ ਜਿਹਨਾਂ 'ਚ ਸਫ਼ਲਤਾ ਨਹੀਂ ਮਿਲ ਰਹੀ। ਇਹੋ ਨਹੀਂ ਮੱਕੀ ਦੀ ਕਾਸ਼ਤ ਥੱਲੇ ਵੀ ਮਤਵਾਤਰ ਰਕਬਾ ਘਟ ਰਿਹਾ ਹੈ। ਜੋ 103624 ਹੈਕਟੇਅਰ ਹੀ ਰਹਿ ਗਿਆ। ਬਹਾਰ ਰੁੱਤ ਦੀ ਮੱਕੀ ਦੀ ਪਾਣੀ ਦੀ ਲੋੜ ਝੋਨੇ ਨਾਲੋਂ ਘੱਟ ਨਹੀਂ।




ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info
KHETI DUNIYAN
An Exclusive Agri. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

# ਬਰਸਾਤੀ ਮੌਸਮ ਹੈ ਰੁੱਖ ਲਗਾਉਣ ਲਈ ਜ਼ਿਆਦਾ ਢੁੱਕਵਾਂ






ਕੁਦਰਤ ਦੀ ਸੁੰਦਰ ਸਿਰਜਣਾ ਵਿਚ ਮਨੁੱਖ ਦੇ ਨਾਲ-ਨਾਲ ਰੁੱਖਾਂ, ਬੂਟਿਆਂ ਅਤੇ ਬਨਸਪਤੀ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ । ਕੁਦਰਤ ਨਾਲ ਸੰਘਰਸ਼ ਕਰਕੇ ਮਨੁੱਖ ਨੇ ਸੱਭਿਆਚਾਰ ਨੂੰ ਸਿਰਜਿਆ ਅਤੇ ਇਸ ਸਿਲਸਿਲੇ ਵਿਚ ਸਭ ਤੋਂ ਵੱਧ ਨੁਕਸਾਨ ਰੁੱਖਾਂ ਦਾ ਹੀ ਹੋਇਆ । ਬੀਤੇ ਸਮਿਆਂ ਵਿਚ ਵਿਕਾਸ ਦੀ ਤੇਜ਼ ਧਾਰਾ ਨੇ ਬਹੁਤ ਸਾਰੇ ਰੁੱਖਾਂ ਦੀ ਬਲੀ ਲਈ । ਮਨੁੱਖ ਦਾ ਕੁਦਰਤ ਨਾਲ ਸੰਬੰਧ ਪਹਿਲਾਂ ਵਾਂਗ ਨਾ ਰਹਿਣ ਕਰਕੇ ਨਵੇਂ ਰੁੱਖ ਲਾਉਣ ਦੀ ਗਤੀ ਵੀ ਮੱਧਮ ਹੋਈ ਹੈ ।

ਰੁੱਖਾਂ ਹੇਠ ਰਕਬਾ ਘਟਣ ਦੇ ਬਹੁਤ ਸਾਰੇ ਵਾਤਾਵਰਣੀ ਨੁਕਸਾਨ ਵੀ ਦੇਖਣ ਵਿਚ ਆਏ ਹਨ । ਮਾਹਿਰ ਹਵਾ ਦੀ ਸ਼ੁੱਧਤਾ ਦੀ ਦਰ ਘਟਣ ਦੀ ਗੱਲ ਕਰਦੇ ਹਨ । ਜ਼ਮੀਨ ਹੇਠਲੇ ਪਾਣੀ ਦੇ ਹੋਰ ਨੀਵੇਂ ਹੋਣ ਦਾ ਇਕ ਕਾਰਨ ਰੁੱਖਾਂ ਦਾ ਘਟਣਾ ਹੈ । ਭੋਇੰ ਖੋਰ ਤੇ ਮਿੱਟੀ ਦੇ ਕਟਾਅ ਦੇ ਨਾਲ-ਨਾਲ ਆਏ ਸਾਲ ਬਰਸਾਤਾਂ ਨੂੰ ਆਉਣ ਵਾਲੇ ਹੜ੍ਹ ਦਾ ਇਕ ਕਾਰਨ ਰੁੱਖਾਂ ਦੀ ਗਿਣਤੀ ਵਿਚ ਆਈ ਕਮੀ ਵੀ ਹੈ ।

ਪਿਛਲੇ ਸਮੇਂ ਤੋਂ ਪੰਜਾਬ ਵਿਚ ਸੜਕਾਂ ਦਾ ਜਾਲ ਵਿਛਣ ਕਾਰਨ ਵੱਢੇ ਗਏ ਬੂਟਿਆਂ ਅਤੇ ਦਰੱਖਤਾਂ ਬਾਰੇ ਜਾਗਰੂਕਤਾ ਦੇਖਣ ਨੂੰ ਮਿਲੀ । ਵਿਸ਼ੇਸ਼ ਤੌਰ ਤੇ ਸ਼ੋਸ਼ਲ ਮੀਡੀਆ 'ਤੇ ਇਹ ਸੰਵੇਦਨਾ ਕੁਝ ਜ਼ਿਆਦਾ ਹੀ ਉੱਭਰਵੇਂ ਰੂਪ ਵਿਚ ਦਿਖਾਈ ਦਿੱਤੀ । ਸਾਲ ਦਾ ਮੌਜੂਦਾ ਸਮਾਂ ਸਾਡੇ ਰੁੱਖ ਲਗਾਉਣ ਦੇ ਸੁਪਨਿਆਂ ਨੂੰ ਹਕੀਕਤ ਦਾ ਰੂਪ ਦੇਣ ਵਾਲਾ ਹੈ, ਇਸ ਲਈ ਬਰਸਾਤ ਦੇ ਮੌਸਮ ਵਿਚ ਰੁੱਖਾਂ ਪ੍ਰਤੀ ਜਾਗਰੂਕ ਲੋਕਾਂ ਨੂੰ ਉੱਦਮ ਕਰਨ ਦੀ ਲੋੜ ਹੈ ।

ਮਨੁੱਖ ਕਿਸੇ ਵੀ ਵਰਤਾਰੇ ਦਾ ਹਿੱਸਾ ਬਣਨ ਤੋਂ ਪਹਿਲਾਂ ਉਸ ਦੇ ਲਾਭ ਤੇ ਹਾਨੀਆਂ ਬਾਰੇ ਬਹੁਤ ਸੋਚਦਾ ਹੈ । ਰੁੱਖਾਂ ਨੂੰ ਸਾੜਨ ਪਿੱਛੇ ਇਕ ਵੱਡਾ ਕਾਰਨ ਸੜਕਾਂ ਕਿਨਾਰੇ ਲੱਗੇ ਰੁੱਖਾਂ ਦਾ ਛੌਰਾ ਖੇਤਾਂ ਦੀਆਂ ਫਸਲਾਂ ਤੱਕ ਜਾਣਾ ਵੀ ਹੈ । ਇਸ ਲਈ ਨਵੇਂ ਰੁੱਖਾਂ ਨੂੰ ਲਾਉਣ ਤੋਂ ਪਹਿਲਾਂ ਉਨ੍ਹਾਂ ਦੇ ਕਾਰਜਾਂ ਬਾਰੇ ਜਾਣ ਕੇ ਹੀ ਲੋਕਾਂ ਨੂੰ ਇਸ ਮੁਹਿੰਮ ਨਾਲ ਜੋੜਿਆ ਜਾ ਸਕੇਗਾ ।

ਰੁੱਖਾਂ ਦੇ ਬਹੁਤ ਸਾਰੇ ਦਿਸਦੇ-ਅਣਦਿਸਦੇ ਕਾਰਜ ਹਨ । ਦਿਸਦੇ ਕਾਰਜਾਂ ਵਿਚ ਉਹ ਮਨੁੱਖ ਲਈ ਛਾਂ ਦਾ ਸਬੱਬ ਬਣਦੇ ਹਨ, ਫਲ ਦਿੰਦੇ ਹਨ ਤੇ ਆਲੇ-ਦੁਆਲੇ ਨੂੰ ਸੁਹੱਪਣ ਨਾਲ ਭਰਪੂਰ ਕਰਦੇ ਹਨ । ਇਸ ਲਈ ਇਨ੍ਹਾਂ ਦਿਨਾਂ ਵਿਚ ਸਦਾਬਹਾਰ ਫਲਦਾਰ ਬੂਟੇ, ਛਾਂਦਾਰ ਬੂਟੇ ਤੇ ਸਜਾਵਟੀ ਬੂਟੇ ਲਾਉਣੇ ਚਾਹੀਦੇ ਹਨ । ਇਨ੍ਹਾਂ ਰੁੱਖਾਂ ਤੇ ਬੂਟਿਆਂ ਨੂੰ ਲਾਉਣ ਦਾ ਸਮਾਂ ਸਾਲ ਵਿਚ ਦੋ ਵਾਰ ਆਉਂਦਾ ਹੈ । ਫੱਗਣ ਦੀ ਰੁੱਤ ਵਿਚ ਜਦੋਂ ਸਰਦੀਆਂ ਤੋਂ ਬਾਅਦ ਬਦਲਦੀ ਰੁੱਤ ਵਿਚ ਟਾਹਣੀਆਂ ਪੁੰਗਰੇ ਪੈਂਦੀਆਂ ਹਨ ਤੇ ਬਰਸਾਤ ਵਿਚ ਜਦੋਂ ਧਰਤੀ ਵਿਚ ਵਾਧੂ ਨਮੀਂ ਬੂਟਿਆਂ ਦੀਆਂ ਜੜ੍ਹਾਂ ਨੂੰ ਚੱਲਣ ਵਿਚ ਸਹਾਈ ਹੁੰਦੀ ਹੈ ।

ਅੱਜਕਲ੍ਹ ਪੱਛਮੀ ਤਰਜ਼ ਦੇ ਰੁੱਖ ਲਾਉਣ ਦਾ ਰੁਝਾਨ ਵੀ ਵਧਿਆ ਹੈ । ਰੁੱਖ ਲਾਉਣ ਸਮੇਂ ਇਹ ਗੱਲ ਧਿਆਨ ਵਿਚ ਰੱਖੀ ਜਾਵੇ ਕਿ ਇਸ ਧਰਤੀ ਦੇ ਦੇਸੀ ਰੁੱਖ ਹੀ ਲਏ ਜਾਣ । ਇਹ ਰੁੱਖ ਸਦੀਆਂ ਤੋਂ ਇਸ ਥਾਂ ਦੇ ਮਨੁੱਖਾਂ ਤੇ ਮਿੱਟੀ ਨੂੰ ਜਾਣਦੇ ਹਨ ਤੇ ਮਨੁੱਖੀ ਸਿਹਤ 'ਤੇ ਵੀ ਇਨ੍ਹਾਂ ਦਾ ਅਸਰ ਹਾਂਵਾਚੀ ਹੁੰਦਾ ਹੈ ।

ਫਲਦਾਰ ਰੁੱਖ ਲਾਉਣ ਸਮੇਂ ਨਿੰਬੂ ਜਾਤੀ ਦੇ ਫਲ ਸੰਗਤਰਾ, ਕਿੰਨੂ, ਮਾਲਟਾ, ਗਰੇਪਫਰੂਟ, ਨਿੰਬੂ, ਅਮਰੂਦ, ਅੰਬ, ਲੀਚੀ, ਚੀਕੂ, ਬੇਰ, ਆਂਵਲਾ, ਲੁਕਾਠ, ਕੇਲਾ, ਪਪੀਤਾ ਆਦਿ ਨੂੰ ਤਰਜੀਹ ਦਿਓ । ਕੋਵਿਡ ਤੋਂ ਬਾਅਦ ਪੋਸ਼ਕ ਤੱਤਾਂ ਦੀ ਲੋੜ ਬਾਰੇ ਮਾਹਿਰਾਂ ਨੇ ਵੀ ਮਨੁੱਖੀ ਆਬਾਦੀ ਨੂੰ ਸੁਚੇਤ ਕੀਤਾ ਹੈ ।

ਸਾਨੂੰ ਆਮ ਤੌਰ ਤੇ ਬਾਜ਼ਾਰ ਵਿਚ ਵਿਕਣ ਵਾਲੇ ਫਲਾਂ ਵਿਚ ਮਿਲਾਵਟ ਤੇ ਰਸਾਇਣਾਂ ਦੀ ਵਰਤੋਂ ਦੀ ਸ਼ਿਕਾਇਤ ਵੀ ਰਹਿੰਦੀ ਹੈ । ਇਸ ਲਈ ਜ਼ਮੀਨਾਂ ਵਾਲੇ ਲੋਕਾਂ ਨੂੰ ਤਾਂ ਘੱਟੋ ਘੱਟ ਘਰ ਦੀ ਵਰਤੋਂ ਜੋਗੇ ਫਲਾਂ ਨੂੰ ਲਾਉਣਾ ਹੀ ਚਾਹੀਦਾ ਹੈ । ਸਿਆਣੇ ਕਿਸਾਨ ਤਾਂ ਪੂਰੇ ਸਾਲ ਜੋਗੇ ਫਲਾਂ ਦੀ ਆਮਦ ਦੀ ਵਿਉਂਤਬੰਦੀ ਵੀ ਕਰਨ ਲੱਗੇ ਹਨ ।

ਛਾਂਦਾਰ ਰੁੱਖਾਂ ਵਿਚ ਸਕੂਲਾਂ, ਕਾਲਜਾਂ ਤੇ ਹੋਰ ਥਾਵਾਂ 'ਤੇ ਬੋਤਲ ਬੁਰਸ਼, ਬੜਾ ਚੰਪਾ, ਅਮਲਤਾਸ, ਨੀਲੀ ਮੋਹਰ, ਗੁਲਾਚੀਨ ਆਦਿ ਹਨ । ਸਾਂਝੀਆਂ ਥਾਵਾਂ 'ਤੇ ਨਿੰਮ, ਸੁਖਚੈਨ, ਮੌਲਸਰੀ, ਪਿਲਕਣ, ਕੁਸਮ ਆਦਿ ਲਾਏ ਜਾ ਸਕਦੇ ਹਨ । ਸੜਕਾਂ ਦੇ ਕੰਢਿਆਂ 'ਤੇ ਸਿਲਅਰ ਓਕ, ਨੀਲੀ ਮੋਹਰ, ਮਲੀਟੀਆ, ਕਨਕ ਚੰਪਾ ਆਦਿ ਲਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ ।

ਵਾੜ ਬਣਾਉਣ ਲਈ ਸੰਘਣੀਆਂ ਟਾਹਣੀਆਂ ਵਾਲੇ ਰੁੱਖਾਂ ਜਿਵੇਂ ਓਕ, ਜੋੜ-ਤੋੜ, ਸਫੈਦਾ, ਅਸ਼ੋਕਾ ਆਦਿ ਨੂੰ ਇਸਤੇਮਾਲ ਕਰੋ ਅਤੇ ਜ਼ਿਆਦਾ ਪ੍ਰਦੂਸ਼ਿਤ ਥਾਵਾਂ ਤੇ ਮਿੱਟੀ-ਘੱਟੇ ਵਾਲੀਆਂ ਥਾਵਾਂ ਤੇ ਫੈਕਟਰੀਆਂ ਦੁਆਲੇ ਨਿੰਮ, ਸੱਤ ਪੱਤੀਆ, ਕਾਈਜੀਲੀਆ, ਅਸ਼ੋਕਾ, ਗੁਲਾਚੀਨ ਆਦਿ ਰੁੱਖ ਲਾਓ ।

ਇਸ ਤੋਂ ਇਲਾਵਾ ਸਜਾਵਟੀ ਰੁੱਖ ਮਾਨਸਿਕਤਾ ਨੂੰ ਸ਼ਾਂਤ ਅਤੇ ਆਲੇ ਦੁਆਲੇ ਨੂੰ ਸੁਹਜ ਨਾਲ ਭਰਪੂਰ ਰੱਖਦੇ ਹਨ । ਇਨ੍ਹਾਂ ਨੂੰ ਆਪਣੇ ਘਰਾਂ ਦੇ ਆਲੇ-ਦੁਆਲੇ ਸਾਂਝੀਆਂ ਥਾਵਾਂ 'ਤੇ ਲਾ ਕੇ ਅਸੀਂ ਕੁਦਰਤ ਦੇ ਨੇੜੇ ਹੋਣ ਦਾ ਸੁਪਨਾ ਸਾਕਾਰ ਕਰ ਸਕਦੇ ਹਾਂ । ਇਹ ਸਾਰੇ ਰੁੱਖਾਂ ਦੇ ਬੂਟੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚੋਂ ਆਸਾਨੀ ਨਾਲ ਤੇ ਨਿਗੂਣੀ ਜਿਹੀ ਕੀਮਤ 'ਤੇ ਪ੍ਰਾਪਤ ਹੋ ਸਕਦੇ ਹਨ । ਇਸ ਦੇ ਨਾਲ ਹੀ ਪੰਜਾਬ ਬਾਗਬਾਨੀ ਵਿਭਾਗ ਦੀਆਂ ਅਨੇਕ ਥਾਵਾਂ 'ਤੇ ਨਰਸਰੀਆਂ ਵੀ ਬੂਟੇ ਦੇਣ ਦੇ ਕਾਰਜ ਨਾਲ ਜੁੜੀਆਂ ਹੋਈਆਂ ਹਨ । ਬੂਟੇ ਪ੍ਰਾਪਤ ਕਰਨਾ ਔਖਾ ਨਹੀਂ, ਇਨ੍ਹਾਂ ਨੂੰ ਲਾ ਕੇ ਇਨ੍ਹਾਂ ਦੀ ਦੇਖ-ਰੇਖ ਕਰਨਾ ਜ਼ਿੰਮੇਵਾਰੀ ਵਾਲਾ ਕਾਰਜ ਹੈ । ਰੁੱਖਾਂ ਬਿਨਾਂ ਨਾ ਇਹ ਧਰਤੀ ਬਚੀ ਰਹੇਗੀ ਨਾ ਹੀ ਇਸ ਧਰਤੀ ਦੀ ਵਸੋਂ । ਸਾਨੂੰ ਯਾਦ ਰੱਖਣਾ ਪਵੇਗਾ ਕਿ ਇਹ ਧਰਤੀ ਤੇ ਕੁਦਰਤ ਸਾਨੂੰ ਵਿਰਾਸਤ ਵਜੋਂ ਨਹੀਂ ਮਿਲੀ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਸੁੰਦਰ ਬਣਾਉਣ ਦੇ ਫਰਜ਼ ਵਜੋਂ ਅਸੀਂ ਇਸ ਧਰਤੀ ਦੇ ਵਸਨੀਕ ਹਾਂ ।

**ਪੀ. ਏ. ਯੂ., ਲੁਧਿਆਣਾ ।**



# ਮੈਂ ਗੁਰੂ ਧਾਮਾਂ ਦੇ ਦਰਸ਼ਨਾਂ ਨਾਲ ਪਾਕਿਸਤਾਨ ਘੁੰਮਿਆ

ਕਮਲਇੰਦਰਜੀਤ ਬਾਜਵਾ,
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਬਲਾਕ
ਕਾਹਨੂੰਵਾਨ, ਜ਼ਿਲ੍ਹਾ-ਗੁਰਦਾਸਪੁਰ
ਮੋ. 98150-82401

ਦੋਸਤੋ ਬਤੌਰ ਲੇਖਕ ਸਾਨੂੰ ਵੀ ਜੱਥੇ ਵਿਚ ਪਾਕਿਸਤਾਨ ਮਹਾਰਾਜਾ ਰਣਜੀਤ ਸਿੰਘ ਦੀ 185ਵੀਂ ਬਰਸੀ ਤੇ ਗੁਰੂ ਘਰਾਂ ਦੇ ਦਰਸ਼ਨ ਕਰਨ ਦਾ ਸੁਨਹਿਰੀ ਮੌਕਾ ਮਿਲਿਆ । ਭਾਵੇਂ ਇਹ ਪ੍ਰੋਗਰਾਮ ਕੇਵਲ 10 ਕੁ ਦਿਨਾਂ ਦਾ ਹੀ ਸੀ, ਪਰ ਬਹੁਤ ਸਾਰੇ ਯਾਦਗਾਰੀ ਪਲ ਤੇ ਇਤਿਹਾਸਕ ਯਾਦਾਂ ਦਿਲਾਂ ਵਿਚ ਛੱਡ ਗਿਆ, ਬੇਸ਼ੱਕ ਲਾਹੌਰ ਬਜ਼ਾਰ ਵਿਚ ਘੁੰਮਦੇ ਫਿਰਦੇ ਮੁਸਲਿਮ ਭਾਈਚਾਰੇ ਵੱਲੋਂ ਦਿੱਤੀ ਇੱਜ਼ਤ ਤੇ ਪਿਆਰ ਦੀ ਬਿਹਤਰੀਨ ਯਾਦ ਸੀ । ਆਉ ਕੁਝ ਸਮਾਜਿਕ, ਧਾਰਮਿਕ ਤਰੱਕੀਆਂ ਤੇ ਤਰੁੱਟੀਆਂ ਤੇ ਮੋਟੀਆਂ ਮੋਟੀਆਂ ਝਲਕਾਂ ਤੁਹਾਡੇ ਨਾਲ ਚੰਗੇ ਤੇ ਮਾੜੇ ਪਹਿਲੂਆਂ ਤੇ ਚਾਨਣ ਪਾਉਂਦੇ ਹਾਂ ਤੇ ਦੱਸਦੇ ਹਾਂ । ਹਾਲਾਂਕਿ ਮੈਂ ਭਾਰਤ ਤੋਂ ਇਕੱਲਾ ਹੀ



ਗਿਆ ਪਰ ਬੱਸ 'ਚ ਬੈਠਣ ਨਾਲ ਬਹੁਤ ਸਾਰੇ ਬਜ਼ੁਰਗ ਦੋਸਤ ਬਣ ਗਏ ਜੋ ਅੱਜ ਵੀ ਆਪੋ ਆਪਣੇ ਘਰਾਂ ਵਿਚ ਜਾ ਕੇ ਵੀ ਗੱਲਬਾਤ ਕਰਦੇ ਹਨ । ਜੱਥੇ 'ਚ ਇਕੱਲਾ ਜਾਣ ਵਾਲਾ ਆਪਣੇ ਆਪ ਨੂੰ ਇਕੱਲਾ ਨਾ ਸਮਝੇ ਭਾਵੇਂ ਕੋਈ ਮਰਦ ਹੈ ਜਾਂ ਔਰਤ । ਸ਼ਾਇਦ ਇਸ ਲੇਖ ਨੂੰ ਪੜ੍ਹ ਕੇ ਬਹੁਤ ਸਾਰੇ ਦੋਸਤਾਂ ਨੂੰ ਪਾਕਿਸਤਾਨ ਵੱਲ ਜਾਣ ਦਾ ਦਿਲ ਵੀ ਕਰੇ ਤੇ ਕੁੱਝ ਜਿੱਥੇ ਕਮੀਆਂ ਲੱਗੀਆਂ, ਜੋ ਸ਼ਾਇਦ ਉਹ ਦੂਰ ਕਰਨ ਵਿਚ ਮਦਦ ਵੀ ਏਸ ਲੇਖ ਦੇ ਜਰੀਏ ਹੋ ਜਾਵੇ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਵਧੀਆ ਉਪਰਾਲਾ ਸੀ ਜੋ ਸਾਲ ਵਿਚ ਤਿੰਨ ਚਾਰ ਜੱਥੇ ਸਿਰਫ ਇਕ ਪੰਜ ਸੌ ਰੁਪਏ ਸਰਕਾਰੀ ਫੀਸ ਨਾਲ ਸਾਡੇ ਵਿਛੜੇ ਧਾਮਾਂ ਦੇ ਦਰਸ਼ਨ ਕਰਵਾ ਰਹੇ ਹਨ ਪਤਾ ਨਹੀਂ ਕਿੰਨੇ ਬਜ਼ੁਰਗਾਂ ਤੋਂ ਦੁਬਾਰਾ ਅਗਾਂਹ ਜਾ ਵੀ ਹੋਣਾ ਜਾ ਨਹੀਂ । ਜੋ ਐਤਕੀਂ ਹੋ ਆਏ ਸਨ ਕਾਸ਼ ਕਿਤੇ ਪਰਿਵਾਰਿਕ ਮੈਂਬਰਾਂ ਨਾਲ ਕਾਰਾਂ ਤੇ ਜਾਣ ਲਈ ਵੀ ਵੀਜ਼ੇ ਮਿਲਣ ਲੱਗ ਜਾਣ ਤਾਂ ਚੰਗਾ ਹੋਊ ।

ਪਾਕਿਸਤਾਨ ਜਾਣ ਦੀ ਗੱਲ ਪਹਿਲੇ ਦਿਨ ਵਾਹਗੇ ਤੋਂ ਤੁਰਨ ਦੀ ਕਰਦੇ ਹਾਂ ਮੈਂ ਗਿਆਰਾਂ ਕੁ ਵਜੇ ਵਾਹਘਾ ਬਾਰਡਰ ਅਟਾਰੀ ਤੇ ਪਹੁੰਚ ਗਿਆ ਸੀ । ਮਿੱਠੀ ਛਬੀਲ ਪੀ ਕੇ ਸਾਰੇ ਕਾਗਜ਼ ਚੈੱਕ ਕਰਾ ਦੇ ਦੁਪਹਿਰ ਇਕ ਵਜੇ ਪਾਕਿਸਤਾਨ ਦੇ ਬਾਰਡਰ ਪਾਸ ਬਣਾਈ ਪੋਸਟ ਤੇ ਪਹੁੰਚੇ ਤਾਂ ਫੁੱਲ ਹਾਰਾਂ ਤੇ ਪਾਕਿ ਮੀਡੀਏ ਦਾ ਜੀ ਆਇਆਂ ਦਾ ਸਿਲਸਿਲਾ ਤੁਰ ਪਿਆ, ਅਮੂਲ ਦੀਆਂ ਆਈਸ ਕਰੀਮਾਂ ਤੇ ਪਾਣੀ ਦੀਆਂ ਠੰਡੀਆਂ ਬੋਤਲਾਂ ਦਿੱਤੀਆਂ, ਅਗਾਂਹ ਪੰਦਰਾਂ ਵੀਹ ਬੰਦਿਆਂ ਦੇ ਗਰੁੱਪ ਨੂੰ ਕਾਗਜ਼ ਚੈੱਕ ਤੋਂ ਬਾਅਦ ਭਾਰਤ ਦਾ 6000/- ਕਿਰਾਇਆ ਟੂਰਿਸਟ ਬੱਸਾਂ ਦਾ ਲਿਆ ਗਿਆ ਜੋ ਦੱਸਵੇਂ ਦਿਨ ਤੱਕ ਚੱਲਿਆ । ਉੱਥੇ ਹੀ ਲੱਗੇ ਟੈਂਟ ਦੇ ਬਾਹਰ ਵਾਹਗੇ ਤੋਂ ਹਸਨ ਅਬਦਾਲ ਜੋ 416 ਕਿਲੋਮੀਟਰ ਸੀ ਤੇ ਜਾਣ ਲਈ ਏ ਸੀ ਬੱਸਾਂ ਤਿਆਰ ਖੜੀਆਂ ਸਨ । ਏਥੇ ਹੀ ਹਸਨ ਅਬਦਾਲ ਦੇ ਗੁਰੂ ਘਰ ਦੇ ਕਮਰੇ ਦੀ ਬੁਕਿੰਗ ਪਰਚੀ ਵੀ ਮਿਲ ਜਾਂਦੀ ਹੈ । ਸ਼ਾਇਦ ਮੇਰੇ ਕੋਲ ਤੇ ਸਾਡੇ ਲਾਗੇ ਬੱਸ ਚ ਬੈਠੇ ਬਜ਼ੁਰਗ ਜੋ ਮੇਰੇ ਵਾਂਗ ਪਹਿਲੀ ਵਾਰ ਚੱਲੇ ਸੀ ਤੋਂ ਸ਼ਾਇਦ ਰੌਲੇ ਰੱਪੇ ਜਾਂ ਕਾਹਲੀ ਕਰਕੇ ਕਮਰੇ ਦੀ ਪਰਚੀ ਰਹਿ ਗਈ 10 ਬੱਸਾਂ ਸਾਰੀਆਂ ਭਰਨ ਤੇ ਢਾਈ ਵਜੇ ਦੁਪਹਿਰ ਚੱਲ ਕੇ ਰਾਤ ਰਸਤਿਆਂ ਵਿਚ ਰੁਕਦੀ ਹੋਈ 10.15 ਵਜੇ ਹਸਨ ਅਬਦਾਲ ਦੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਪਹੁੰਚੇ । ਜਿੱਥੇ ਦੋ ਰਾਤਾਂ ਦਾ ਸਟੇਅ ਸੀ । ਅਗਲੀ ਸਵੇਰੇ ਸਾਹਮਣੇ ਚਾਰ ਕਿਲੋਮੀਟਰ ਸਿਰ ਦੀ ਚੜਾਈ ਵਾਲੀ ਵਲੀ ਕੰਧਾਰੀ ਦੀ ਪਹਾੜੀ ਤੇ ਜਗ੍ਹਾ ਸੀ, ਜਿਥੇ ਜਥਾ ਰਵਾਨਾ ਹੋਇਆ । ਸ੍ਰੀ ਪੰਜਾ ਸਾਹਿਬ ਗੁਰੂਘਰ ਦਾ ਠੰਢਾ ਮਿੱਠਾ ਸਰੋਵਰ ਸਾਹਿਬ ਦਾ ਜਲ ਸਾਰੇ ਪਾਕਿਸਤਾਨ ਵਿਚ ਅਜਿਹਾ ਨਸੀਬ ਨਹੀਂ ਹੋਇਆ । ਇਸ ਸਾਰੇ ਪ੍ਰੋਗਰਾਮ ਦੀ ਦੇਖ ਰੇਖ ਆਈ ਟੀ ਪੀ ਬੀ (ਐਵੇਕਿਯੂ ਟਰੱਸਟ ਪ੍ਰਾਪਟੀ ਬੋਰਡ) ਪਾਕਿਸਤਾਨ ਕਰਦੀ ਹੈ । ਜੋ ਗੁਰਦਵਾਰਾ ਸਾਹਿਬ ਵਿਖੇ ਵੀ ਸਭ ਪਾਸੇ ਮਸਲਮਾਨ ਭਰਾਵਾਂ ਦੇ ਕਮਰੇ ਦੇਣ ਤੋਂ ਲੈ ਕੇ ਜ਼ਿਆਦਾ ਉਹਨਾ ਹੱਥ ਕਮਾਨ ਦਿਸੀ । ਅਸੀਂ ਦੋ ਜਨੇ ਜੋ ਵਾਹਗੇ ਹੀ ਕਮਰੇ ਦੀ ਪਰਚੀ ਤੋਂ ਰਹਿ ਗਏ ਸਾਂ, ਜੋ ਕਿ ਮੇਰੇ ਫਿਰੋਜ਼ਪੁਰ ਤੋਂ ਸਨ ਉਹ ਬਜ਼ੁਰਗ । ਸਭ ਸੰਗਤ ਰਾਤ 10.45 ਤੋਂ ਲੈ ਕੇ 11.30 ਵਜੇ ਤੱਕ ਆਪੋ ਆਪਣੇ ਕਮਰੇ ਵਿਚ ਜਾ ਚੁੱਕੇ ਸਨ ਤਾਂ ਅਸੀਂ ਉਨ੍ਹਾਂ ਦੇ ਬੋਰਡ ਦੇ ਮੁਲਾਜ਼ਮਾਂ ਨੂੰ ਕਮਰੇ ਦੇਣ ਲਈ ਬੇਨਤੀ ਰਾਤ 12.15 ਵਜੇ ਤੱਕ ਕੀਤੀ ਤਾਂ ਸਾਨੂੰ ਫਜ਼ੂਲ 'ਚ ਪਹਿਲਾਂ ਤਾਂ ਡੇਢ ਘੰਟਾ ਬਿਠਾਇਆ ਗਿਆ । ਬਾਅਦ 'ਚ ਕਿਹਾ ਕਿ ਉਧਰ ਦੇਖ ਲਵੋ ਕੋਈ ਹੱਲ ਨਹੀਂ । ਮੁੜਕੇ ਮੈਂ ਉੱਥੇ ਦੇ ਇਕ ਸਿੱਖ ਲੜਕੇ ਨੂੰ ਪੁੱਛਿਆ ਕਿ ਤੁਸੀਂ ਕਿਉਂ ਨਹੀਂ ਅੱਗੇ ਆ ਕੇ ਆਪ ਆਪਣੇ ਬਰਾਦਰੀ ਲਈ ਕਾਊਟਰ ਤੇ ਬੈਠੇ । ਉਹਨਾਂ ਕਿਹਾ ਕਿ ਪ੍ਰਸ਼ਾਸਨ ਦਾ ਕਬਜ਼ਾ ਹੈ, ਅਸੀਂ ਕੁਝ ਨਹੀਂ ਕਰ ਸਕਦੇ । ਮਨ ਦੁੱਖੀ ਹੋਇਆ ਕਿ ਕੱਲ੍ਹ ਨੂੰ ਮੈਨੂੰ ਮੁਸਲਿਮ ਮਸਜਿਦ ਦੀ ਜਾਂ ਕਿਸੇ ਮੰਦਿਰ ਦੀ ਮੈਨੇਜਮੈਂਟ ਦਾ ਆਗੂ ਦੇਖ ਰੇਖ ਲਈ ਲਗਾ ਦੇਣ, ਕੀ ਮੈਨੂੰ ਉਹਨਾਂ ਸਭਨਾਂ ਦੇ ਸਿਧਾਂਤ ਤੇ ਮਰਿਆਦਾ ਦਾ ਪਤਾ ਹੋਊ ? ਮੈਂ ਕਿਸੇ ਦਾ ਭਲਾ ਕਰੂ ਜਾਂ ਅਣਜਾਣੇ 'ਚ ਬੇਅਦਬੀ ਜਾਂ ਨਿਰਾਸ਼ਾ ਦਾ ਸਬੱਬ ? ਸਿੱਖ ਕੌਮ ਦੀ ਆਪਣੀ ਮੈਨੇਜਮੈਂਟ ਤੇ ਸ਼ਮੂਲੀਅਤ ਪੂਰੀ ਤਰ੍ਹਾਂ ਨਾ ਹੋਣ ਦਾ ਵੀ ਦੁੱਖ ਝਲਕਿਆ । ਹਾਲਾਂਕਿ ਨਨਕਾਣਾ ਸਾਹਿਬ ਵਿਖੇ ਵੀ ਏਸੇ ਤਰ੍ਹਾਂ ਹੀ ਸੀ । ਮੁਸਲਿਮ ਭਰਾ ਹੀ ਕਮਰੇ ਦੇ ਰਹੇ ਸਨ ।

ਗੱਲ ਦੂਜੇ ਸਥਾਨ ਤੀਜੇ ਦਿਨ ਹਸਨ ਅਬਦਾਲ ਤੋਂ ਬਾਅਦ ਨਨਕਾਣਾ ਸਾਹਿਬ ਵਿਖੇ ਪਹੁੰਚੇ ਜਿੱਥੇ ਸ਼ਾਮ ਨੂੰ ਸਟੇਅ ਹੋਇਆ । ਏਥੇ ਵੀ ਗੁਰੂ ਘਰ ਵਿਚ ਹੀ ਰਹੇ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਵੱਲੋਂ ਵੀ ਆਪਣੇ ਸਿੱਖ ਪ੍ਰਚਾਰਕ ਤੇ ਰਾਗੀ ਸਿੰਘਾਂ ਦਾ ਜੱਥਾ ਨਾਲ ਲਜਾਇਆ ਗਿਆ ਵੀ ਕਾਬਿਲੇ ਤਾਰੀਫ ਸੀ ਜੋ ਖੁੱਲ੍ਹੀ ਬਾਣੀ ਦਾ ਰਾਤ ਦਿਨ ਆਨੰਦ ਮਿਲਿਆ । ਇਥੇ ਗੁਰੂਦਵਾਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਬੋਰ ਭਾਵੇਂ 500 ਫੁੱਟ ਦਾ ਸੀ ਪਰ ਪਾਣੀ ਖਾਰਾ ਸੀ ।

ਚੌਥੇ ਸਥਾਨ ਏਥੇ ਗੁਰੂ ਨਾਨਕ ਸਾਹਿਬ ਜੀ ਦਾ ਗੁਰਦੁਆਰਾ ਸ੍ਰੀ ਸੱਚਾ ਸੌਦਾ ਸਾਹਿਬ ਪੁਰਾਣੇ ਪਿੰਡ ਚੂਹੜਕਾਣਾ ਜੋ ਕਿ ਨਵੇਂ ਰੈਵਿਨਿਊ ਰਿਕਾਰਡ ਵਿਚ ਫਾਰੂਕਾਬਾਦ ਪੈ ਗਿਆ ਹੈ । ਜਿੱਥੇ ਗੁਰੂ ਸਾਹਿਬ ਨੇ ਭੁੱਖੇ ਸਾਧੂਆਂ ਨੂੰ ਲੰਗਰ ਛਕਾਇਆ ਤੇ ਜਗਤ ਵਿਚ ਲੋੜਵੰਦਾਂ ਦੀ ਮਦਦ ਕਰਨਾ ਹੀ ਸੱਚਾ ਸੌਦਾ ਹੋਣ ਦਾ ਮਨੁੱਖਤਾ ਨੂੰ ਸੰਦੇਸ਼ ਦਿੱਤਾ । ਉਸ ਸਥਾਨ ਤੇ ਅੱਜ ਵੀ ਵਣ ਦੇ ਰੁੱਖ ਸਥਿਤ ਹਨ । ਵਧੇਰੇ ਗਰਮੀ ਕਰਕੇ ਮਿੱਠੀ ਛਬੀਲ ਤੇ ਲੰਗਰ ਇਥੇ ਵੀ ਬਹੁਤ ਵਧੀਆ ਸਨ । ਨਵੀਂ ਗੱਲ ਉਸ ਕਸਬੇ ਦੀ ਕਰੀਏ ਤਾਂ ਸਾਨੂੰ ਬੱਸ ਵਿਚ ਬੈਠੇ ਹਰੇਕ ਘਰਾਂ ਦੇ



ਅੱਗੇ ਪਾਇਪਾਂ ਤੇ ਉੱਪਰ ਲੱਗੇ ਮੀਟਰ ਦਿੱਸੇ ਜੋ ਪਤਾ ਲੱਕਾ ਕਿ ਏਥੇ ਅੰਡਰਗਰਾਊਂਡ ਗੈਸ ਪਾਈਪ ਪਹੁੰਚ ਚੁੱਕੀ ਹੈ । ਇਸ ਦੇ ਨਾਲ ਸਾਰੇ ਕਸਬਿਆਂ ਵਿਚ ਗੈਸ ਪਾਈਪ ਹਨ । ਵਾਪਸੀ ਸ਼ਾਮ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਹੋਈ ।

ਅਗਲੇ ਪੰਜਵੇਂ ਸਥਾਨ ਨਨਕਾਣਾ ਸਾਹਿਬ ਤੋਂ ਸ੍ਰੀ ਕਰਤਾਰਪੁਰ ਸਾਹਿਬ ਡੇਰਾ ਬਾਬਾ ਨਾਨਕ ਸਾਹਿਬ ਗੁਰਦਾਸਪੁਰ ਦੇ ਨੇੜੇ ਸਥਿਤ ਗੁਰੂ ਘਰ ਗਏ ਜਿੱਥੇ ਦੋ ਦਿਨ ਦਾ ਸਟੇਅ ਰਿਹਾ । ਸਭਨਾਂ ਦੇ ਮੋਬਾਇਲ ਭਾਰਤ ਦੀ ਰੇਂਜ ਪਹੁੰਚਣ ਨਾਲ ਚੱਲ ਰਹੇ ਸਨ ਸਾਰੇ ਖੁਸ਼ ਸਨ ਬੇਸ਼ੱਕ ਪਾਕਿਸਤਾਨ ਇੰਟਰਨੈੱਟ ਕੁਨੈਕਸ਼ਨ ਨਹੀਂ ਸੀ ਮਿਲਿਆ, ਪਰ ਸਰਕਾਰ ਨੇ ਪੈਸੇ ਬਦਲਣ ਤੇ ਆਪੋ ਆਪਣੇ ਘਰਾਂ ਵਿਚ ਗੱਲ ਕਰਨ ਲਈ ਵੀਹ ਰੁਪਏ ਪ੍ਰਤੀ ਮਿੰਟ ਨਾਲ ਐਸ ਟੀ ਡੀ ਮੁਹੱਈਆ ਅਖੀਰਲੇ ਦਿਨ ਤਕ ਰਹੀ ਅਤੇ ਨਾਲ ਹੀ ਬੱਚਿਆਂ ਬਜ਼ੁਰਗਾਂ ਦੀ ਸਿਹਤ ਵਾਸਤੇ ਐਂਬੂਲੈਂਸ ਬੱਸਾਂ ਦੇ ਨਾਲ ਹੀ ਰਹੀ ਜੋ ਕਿ ਪਾਕਿਸਤਾਨ ਸਰਕਾਰ ਨੇ ਬਹੁਤ ਵਧੀਆ ਕੀਤਾ । ਅਗਲੇ ਸਥਾਨ ਸ੍ਰੀ ਕਰਤਾਰਪੁਰ ਸਾਹਿਬ ਤੋਂ ਸਿੱਧਾ ਗੁਰੂਦਵਾਰਾ ਸਾਹਿਬ ਸ੍ਰੀ ਰੋੜੀ ਸਾਹਿਬ ਜਿਥੇ ਗੁਰੂ ਨਾਨਕ ਦੇਵ ਜੀ ਨੇ ਮਲਿਕ ਭਾਗੋ ਦੀ ਪੂੜੀ ਵਿਚੋਂ ਖੂਨ ਕੱਢਿਆ ਉੱਥੇ ਗਏ । ਏਥੇ ਵੀ ਮਿੱਠੀ ਛਬੀਲ ਤੇ ਮਹਿਮਾਨ ਨਿਵਾਜ਼ੀ ਮੁਸਲਿਮ ਵੀਰਾਂ ਵੱਲੋਂ ਫੁੱਲਾਂ ਦੇ ਹਾਰ ਰਾਹੀਂ ਸੰਗਤਾਂ ਨੂੰ ਜੀ ਆਇਆਂ ਆਖਿਆ ।

ਏਥੋਂ ਅਗਲੇ ਸੱਤਵੇਂ ਦਿਨ ਦੀ ਸ਼ੁਰੂਆਤ ਲਾਹੌਰ ਦੇ ਗੁਰਦੁਆਰਾ ਸਾਹਿਬ ਸ੍ਰੀ ਡੇਰਾ ਸਾਹਿਬ ਜਿਥੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਸਥਾਨ ਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਸੀ । ਅਗਲੇ ਦੋ ਦਿਨਾਂ ਤੱਕ ਜੱਥੇ ਨੇ ਏਥੇ ਹੀ ਸਟੇਅ ਰਿਹਾ । ਜਿਥੇ ਉਹਨਾਂ ਦੀ ਪੁਲਿਸ ਸਕਿਉਰਿਟੀ ਵੱਲੋਂ ਸਾਨੂੰ ਗੁਰੂ ਘਰਾਂ ਦੇ ਨਾਲ ਨਾਲ ਲਾਹੌਰ ਘੁੰਮਣ ਦੀ ਇਜਾਜ਼ਤ ਦਿੱਤੀ ।

ਇਥੇ ਸਭ ਤੋਂ ਪਹਿਲਾਂ ਆਟੋ ਰਿਕਸ਼ਾ ਕਰ ਲਾਹੌਰ ਸਾਡੇ ਗੁਰੂ ਰਾਮਦਾਸ ਸਾਹਿਬ ਜੀ ਦਾ ਜਨਮ ਅਸਥਾਨ ਚੂਨਾ ਮੰਡੀ ਲਾਹੌਰ ਵਿਖੇ ਦੇਖਿਆ, ਜੋ ਕਿ ਬੇਹੱਦ ਭੀੜ ਭਾੜ ਵਾਲਾ ਬਜ਼ਾਰ ਸਾਰਾ ਅੰਮ੍ਰਿਤਸਰ ਦੇ ਕੱਟੜਾ ਜੈਮਲ ਸਿੰਘ ਵਾਂਗ ਕਪੜੇ ਥਾਨਾਂ ਨਾਲ ਭਰਿਆ ਪਿਆ ਸੀ । ਇਸ ਸਥਾਨ ਤੋਂ ਬਾਅਦ ਰੇਲਵੇ ਸਟੇਸ਼ਨ ਲਾਹੌਰ ਲਾਗੇ ਸਿੰਘ ਸਿੰਘਣੀਆਂ ਦਾ ਸ਼ਹੀਦੀ ਸਥਾਨ ਜਿੱਥੇ ਮੀਰ ਮੰਨੂ ਦੀ ਜੇਲ੍ਹ ਦੇ ਚੱਕੀਆਂ ਬੈਰਕਾਂ ਵਿਚ ਤਸੀਹੇ ਦੇਣ ਦੇ ਸਥਾਨਾਂ ਦੇ ਦਰਸ਼ਨ ਕਰ ਰੌਂਗਟੇ ਖੜ੍ਹੇ ਹੁੰਦੇ ਸਨ ਕਿ ਕਿੰਨਾ ਕੌਮ ਤੇ ਕਹਿਰ ਹੋਇਆ । ਉੱਥੇ ਸਿੱਖਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬਰਿਟਿਸ਼ ਅੰਪਾਇਰ ਦੇ ਚੱਲਦੇ ਕੇਸ ਕਰਕੇ ਭਾਈ ਮਨੀ ਸਿੰਘ ਤੇ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਸਥਾਨ ਬੰਦ ਸਨ, ਜੋ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਰਮੇਸ਼ ਸਿੰਘ ਅਰੋੜਾ ਨੇ ਸਰਕਾਰ ਨਾਲ ਗੱਲਬਾਤ ਕਰਕੇ ਏਨਾਂ ਸਥਾਨਾਂ ਦੇ ਨਾਲ ਹੋਰ ਪੰਜ ਗੁਰੂ ਘਰਾਂ ਨੂੰ ਵੀ ਸਿੱਖ ਸੰਗਤਾਂ ਲਈ ਖੁੱਲ੍ਹੇ ਦਰਸ਼ਨ ਦੀਦਾਰ ਲਈ ਖੋਲ੍ਹੇ ਜਾਣ ਦੀ ਗੱਲ ਕਹੀ । ਹਸਨ ਅਬਦਾਲ ਵਿਖੇ ਇੰਝ ਜ਼ਰੂਰ ਮਹਿਸੂਸ ਹੋਇਆ ਜਿਵੇਂ ਦੂਰ ਪਹਾੜਾਂ ਵਿਚ ਹੋਣ ਕਰਕੇ ਰਾਗੀ ਸਿੰਘਾਂ ਦੀ ਤੇ ਸਿੱਖ ਪ੍ਰਚਾਰਕਾਂ ਦੀ ਘਾਟ ਹੈ ।

ਆਉ ਗੱਲ ਅੱਠਵੇਂ ਦਿਨ ਵੀ ਲਾਹੌਰ ਸ਼ਹਿਰ ਆਟੋ ਸਾਲਮ ਕਰਨ ਨਾਲ ਘੁੰਮਿਆ, ਉੱਥੇ ਚਾਲਕ ਨੂੰ ਇਹ ਵੀ ਕਹਿ ਦਿੱਤਾ ਕਿ ਜਿੱਥੇ ਤੂੰ ਸਾਨੂੰ ਸ਼ਹਿਰ ਘੁੰਮਾਉਣਾ ਉਥੇ ਸਾਨੂੰ ਬਜ਼ਾਰਾਂ ਬਾਰੇ ਦੱਸਣਾ ਤੇ ਨਾਲ ਬਜ਼ਾਰ 'ਚ ਸਾਨੂੰ ਗਾਈਡ ਵੀ ਕਰਨਾ ਹੈ । ਮਹਾਰਾਜਾ ਰਣਜੀਤ ਸਿੰਘ ਸਿੱਖ ਸਲਤਨਤ ਦਾ ਕਿਲ੍ਹਾ ਵੀ ਦੇਖਣ ਯੋਗ ਹੀ ਸੀ ।

ਦੋਸਤੋ ਨੌਵੇਂ ਦਿਨ ਜਿੱਥੇ ਹੀਰਾ ਮੰਡੀ ਲਾਹੌਰ ਦੇ ਜੁੱਤੀ ਬਜ਼ਾਰ ਵਾਲੇ ਮੀਆਂ ਜੀ ਦੇ ਹੱਥੀਂ ਚਮੜੇ ਦੇ ਬਣਾਏ ਦੇਸੀ ਜੁੱਤੇ ਵਾਲੀ ਦੁਕਾਨ ਤੇ ਆਟੋ ਦੀ ਮੱਦਦ ਨਾਲ ਗਏ । ਦੇਸੀ ਜੁੱਤੀਆਂ ਤਾਂ ਵਧੀਆ ਸਨ ਤੇ ਨਾਲ ਮੀਆਂ ਜੀ ਆਪ ਵੀ ਜ਼ੁਬਾਨ ਪੱਖੋਂ ਉਹ ਵੀ ਲਾਜਵਾਬ ਸਨ । ਉਹਨ੍ਹਾਂ ਚੜ੍ਹਦੇ ਪੰਜਾਬ ਦੇ ਸਰਕਾਰਾਂ ਨੂੰ ਮੁਫਤ ਇੰਟਰਨੈੱਟ ਕੁਨੈਕਸ਼ਨ ਦਿੱਤਾ । ਆਟੋ ਰਿਕਸ਼ਾ ਚਾਲਕ ਨੇ ਸਾਨੂੰ ਦੱਸਿਆ ਕਿ ਇਹ ਜੋ ਅਸੀਂ ਹੀਰਾ ਮੰਡੀ ਲਾਹੌਰ ਬਾਰੇ ਨਾਵਲਾਂ 'ਚ ਤੇ ਸੋਸ਼ਲ ਮੀਡੀਆ 'ਚ ਸੁਣਦੇ ਆਏ ਸਾਂ, ਉਹ ਵੀ ਕਿਸੇ ਹੱਦ ਤੱਕ ਗਲੀਆਂ ਵਿਚੋਂ ਲੰਘਦੇ ਸਮੇਂ ਖੁਦ ਆਮ ਦੇਖਿਆ । ਅਜਿਹੇ ਗੁਪਤ ਰੂਪ ਚ (ਸਰੀਰਕ ਬਜ਼ਾਰ) ਦੀ ਤਾਦਾਦ ਘੱਟ ਸੀ, ਸ਼ਾਇਦ ਉਹ ਵੀ ਭਾਵੇਂ ਪਰਿਵਾਰਕ ਲੋੜਵੰਦ ਰੂਪ 'ਚ ਹੋਣ ।

ਨੌਵੇਂ ਦਿਨ ਵੀ ਅਸੀਂ ਲਾਹੌਰ ਸ਼ਹਿਰ ਵਿਚ ਘੁੰਮਦੇ ਰਹੇ, ਜਿਥੇ ਸਿਰਾਂ ਦੇ ਉਪਰੋਂ ਲੰਘਦੇ ਮੈਟਰੋ ਦੇ ਪੁੱਲ ਵੇਖੇ, ਉਥੇ ਵੱਡਾ ਸ਼ਹਿਰ ਦਿੱਲੀ ਦੀ ਯਾਦ ਤਾਜ਼ਾ ਕਰ ਗਿਆ । ਦਿੱਲੀ ਵਾਂਗ ਜਿਥੇ ਪਹਿਲਾਂ ਹੀ ਸਿੱਖ ਮੁਸਲਮਾਨ ਮਿਲਦੇ ਆਮ ਦੇਖੇ ਜਾਂਦੇ ਸਨ । ਸਾਰੇ ਭਾਰਤੀ ਪੈਸੇ ਇੱਕੋ ਵਾਰ ਬਾਡਰ ਤੇ ਤੁੜਵਾਉਣ ਦੀ ਲੋੜ ਨਹੀਂ ਸਰਕਾਰ ਦੇ ਮਨੀ ਐਕਸਚੇਂਜ ਵਾਲੇ ਤੁਹਾਡੇ ਨਾਲ ਜੱਥੇ ਵਿਚ ਚਲਦੇ ਹਨ ਤੇ ਗੁਰੂ ਘਰਾਂ ਵਿਚ ਬੈਠੇ ਮਿਲਦੇ ਹਨ ।

ਲਾਹੌਰ ਸ਼ਹਿਰ ਦਾ ਅਨਾਰਕਲੀ ਬਾਜ਼ਾਰ ਵੀ ਲਾਜਵਾਬ ਸੀ ਜਿਵੇਂ ਅੰਮ੍ਰਿਤਸਰ ਦਾ ਹਾਲ ਬਜ਼ਾਰ ਹੋਵੇ ਬਹੁਤ ਹੀ ਤਰਤੀਬ ਵਾਇਜ਼ ਪਾਰਕਿੰਗ ਸਮੇਤ ਖੁੱਲ੍ਹਾ ਬਣਾਇਆ ਸੀ । ਉਸੇ ਬਜ਼ਾਰ ਵਿਚ ਅੰਦਰ ਗਲੀ ਵਿਚ ਬਣੇ ਬਜ਼ਾਰ ਸੇਮ ਸ਼ਾਸ਼ਤਰੀ ਮਾਰਕੀਟ ਸੈਕਟਰ 22 ਚੰਡੀਗੜ੍ਹ ਵਾਂਗ ਖੂਬਸੂਰਤ ਸ਼ਾਪਿੰਗ ਲਈ ਸੀ । ਬਜ਼ਾਰ ਵਿਚ ਪੈਦਲ ਚੱਲਦੇ ਬਹੁਤ ਸਾਰੇ ਮੁਸਲਮਾਨ ਭਰਾਵਾਂ ਦੀ ਨਜ਼ਰ ਪੱਗਧਾਰੀਆਂ ਤੇ ਸੀ, ਜੋ ਸਰਦਾਰ ਜੀ ਕਹਿ ਕੇ ਬੋਲ ਇੱਜ਼ਤ ਭਰੇ ਸਨ, ਬਹੁਤਿਆਂ ਦੇ ਮੂੰਹੋਂ ਤੇ ਛਾਤੀ ਤੇ ਹੱਥ ਮਾਰ ਕੇ ਇਹ ਹੀ ਕਹਿੰਦੇ ਸੁਣਿਆ ਸਰਦਾਰ ਜੀ ਹੋਰ ਸੇਵਾ ਦੱਸੋ, ਤੁਸੀਂ ਸਾਡੇ ਮਹਿਮਾਨ ਹੋ । ਕੁਝ ਕੁ ਦੋਸਤਾਂ ਦੀ ਦੁਕਾਨਾਂ ਤੇ ਬੈਠਿਆਂ ਗੱਲਬਾਤ ਮਹਿਫਲਾਂ ਲੱਗੀਆਂ ਜਿੱਥੇ ਉਹਨਾਂ ਦੇਸ਼ ਦੇ ਵੰਡ ਹੋਣ ਦਾ ਜ਼ਿਕਰ ਕਰਦਿਆਂ ਦੁੱਖ ਜ਼ਾਹਿਰ ਕੀਤਾ ਕਿ ਦੋ ਘਰ ਵੰਡੇ ਗਏ । ਉੱਥੇ ਕੁਝ ਕੁ ਕਹਿੰਦੇ ਸਨ ਕਿ ਜਦੋਂ ਅਸੀਂ ਭਾਰਤ ਜਾਣ ਲਈ ਵੀਜ਼ਾ ਅਪਲਾਈ ਕਰਦੇ ਹਾਂ ਤਾਂ ਸਾਡੀ ਔਰਤਾਂ ਨੂੰ ਕਈ ਵਾਰ ਪਹਿਲਾਂ ਮਿਲ ਜਾਂਦਾ ਤੇ ਬੰਦੇ ਨੂੰ ਲੇਟ ਮਿਲਦਾ ਜਾਂ ਨਹੀਂ ਮਿਲਦਾ ਫਿਰ ਇਕੱਠੇ ਪਰਿਵਾਰ ਨਾਲ ਜਾਣ ਤੋਂ ਕਈ ਵਾਰ ਭਾਰਤ ਜਾਣ ਦਾ ਸੁਪਨਾ ਟੁੱਟਦਿਆਂ ਬਾਰੇ ਦੱਸਿਆ । ਉੱਥੇ ਉਹਨਾਂ ਭਾਰਤ ਸਰਕਾਰ ਦੇ ਗੁਣ ਦੇ ਦੇਸ਼ ਦੀ ਤਰੱਕੀ ਬਾਰੇ ਗੱਲਬਾਤ ਕੀਤੀ ਤੇ ਭਾਰਤ ਪਾਕਿਸਤਾਨ ਦਾ ਬਿਜ਼ਨਸ ਗੇਟ ਖੋਲ੍ਹਣ ਬਾਰੇ ਵੀ ਵਿਚਾਰ ਕੀਤਾ ਕਿ ਸਾਡੇ ਮਹਿੰਗਾਈ ਵਧ ਗਈ ਬਹੁਤ ਸਾਰੇ ਖੰਡ ਚੌਲ ਸਬਜ਼ੀਆਂ ਆਦਿ ਦੋਨਾਂ ਮੁਲਕਾਂ ਨੂੰ ਸਸਤੀਆਂ ਮਿਲ ਸਕਦੀਆਂ ਤੇ ਰੋਜ਼ਗਾਰ ਵੀ ਜੇਕਰ ਬਿਜ਼ਨਸ ਗੇਟ ਦੁਆਰਾ ਸ਼ੁਰੂ ਕੀਤਾ ਜਾਵੇ । ਮੁਲਤਾਨ ਦੇ ਹਲਵੇ ਦੇ ਨਾਲ ਪਿਸ਼ੌਰੀ ਸੈਂਡਲ ਤੇ ਪਜਾਮਾ ਬੋਸ਼ਕੀ ਦਾ ਵੀ ਨਾਮ ਵੱਜਦਾ ਹੈ ।

(ਚੱਲਦਾ)

# ਮੁਫਤ ਸਹੂਲਤਾਂ ਅਤੇ ਪੰਜਾਬ ਦਾ ਅਰਥਚਾਰਾ

ਡਾ. ਕੇਸਰ ਸਿੰਘ ਭੰਗੂ, ਸਾਬਕਾ ਡੀਨ ਤੇ ਪ੍ਰੋਫੈਸਰ,
ਪੰਜਾਬੀ ਯੂਨੀਵਰਸਿਟੀ ਪਟਿਆਲਾ (ਮੋ. 98154-27127)

**ਬਿਜਲੀ ਸਬਸਿਡੀਆਂ ਅਤੇ ਮੁਫਤ ਬਿਜਲੀ ਦੀਆਂ ਸਹੂਲਤਾਂ ਨੇ ਸੂਬੇ ਦਾ ਕੋਈ ਬਹੁਤਾ ਫਾਇਦਾ ਨਹੀਂ ਕੀਤਾ ਸਗੋਂ ਉਲਟਾ ਨੁਕਸਾਨ ਹੀ ਕੀਤਾ ਹੈ । ਸੂਬੇ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਕਰ ਕੇ ਪਾਣੀ ਦਾ ਸੰਕਟ ਖੜ੍ਹਾ ਕਰ ਦਿੱਤਾ ਅਤੇ ਜਲਵਾਯੂ ਵੀ ਪਲੀਤ ਕੀਤਾ । ਸਿਆਸੀ ਪਾਰਟੀਆਂ ਵੀ ਇਨ੍ਹਾਂ ਦੇ ਸਹਾਰੇ ਚੋਣਾਂ ਜਿੱਤਣ ਵਿਚ ਬਹੁਤੀਆਂ ਸਫਲ ਨਹੀਂ ਹੋਈਆਂ । ਮੁਫਤ ਬਿਜਲੀ ਤੇ ਸਬਸਿਡੀਆਂ ਨੇ ਸੂਬੇ ਦੀ ਵਿੱਤੀ ਹਾਲਤ ਨੂੰ ਬਹੁਤ ਤਰਸਯੋਗ ਬਣਾ ਦਿੱਤਾ ਹੈ ਅਤੇ ਇਹ ਹੋਰ ਵਿਕਾਸ ਕੰਮਾਂ ਵਿਚ ਵੀ ਅੜਿੱਕਾ ਬਣ ਰਹੀਆਂ ਹਨ । ਇਥੇ ਇਹ ਕਹਿਣਾ ਵਾਜਿਬ ਹੋਵੇਗਾ ਕਿ ਜੇ ਸਿਆਸੀ ਪਾਰਟੀਆਂ ਅਤੇ ਨੇਤਾ ਸੂਬੇ ਦੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਵਿਕਾਸ ਲਈ ਸੁਹਿਰਦ ਹੁੰਦੇ ਤਾਂ ਪੰਜਾਬ ਅੱਜ ਕਰਜ਼ਾ ਮੁਕਤ ਹੋਣ ਦੇ ਨਾਲ-ਨਾਲ ਹੋਰ ਮਾੜੀਆਂ ਅਲਾਮਤਾਂ ਜਿਵੇਂ ਨਸ਼ੇ, ਬੇਰੁਜ਼ਗਾਰੀ, ਪਰਵਾਸ, ਖੇਤੀ ਸੰਕਟ, ਪੇਂਡੂ ਖੇਤਰਾਂ ਦਾ ਸੰਕਟ ਆਦਿ ਤੋਂ ਵੀ ਬਚਿਆ ਹੋਣਾ ਸੀ ਪਰ ਨੇਤਾਵਾਂ ਅਤੇ ਪਾਰਟੀਆਂ ਨੇ ਹਰ ਹਾਲ ਸੱਤਾ ਹਾਸਲ ਕਰਨ ਦੇ ਮਕਸਦ ਨੂੰ ਤਰਜੀਹ ਦੇ ਕੇ ਸੂਬੇ ਦੇ ਹਿੱਤਾਂ ਨੂੰ ਦਰਕਿਨਾਰ ਕੀਤਾ ।**

ਪੰਜਾਬ ਵਿਚ ਪਿਛਲੇ ਲੰਮੇ ਸਮੇਂ ਤੋਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਨੇ ਚੋਣਾਂ ਜਿੱਤ ਕੇ ਸੱਤਾ ਹਾਸਲ ਕਰਨ ਦੇ ਮਨਸੂਬਿਆਂ ਨੂੰ ਪੂਰਾ ਕਰਨ ਹਿੱਤ ਵੱਖ ਵੱਖ ਵਰਗਾ ਨੂੰ ਮੁਫਤ ਬਿਜਲੀ ਸਹੂਲਤਾਂ ਜਾਂ ਘੱਟ ਰੇਟ 'ਤੇ ਬਿਜਲੀ ਸਬਸਿਡੀ ਦੀਆਂ ਸਹੂਲਤਾਂ ਦਿੱਤੀਆਂ ਹਨ । ਸੂਬੇ ਦੇ ਵੱਡੇ ਵੋਟ ਬੈਂਕ, ਕਿਸਾਨਾਂ ਨੂੰ 1996 ਵਿਚ ਕਾਂਗਰਸ ਦੀ ਸਰਕਾਰ ਨੇ ਆਪਣੇ ਕਾਰਜਕਾਲ ਦੇ ਆਖਿਰੀ ਮਹੀਨਿਆਂ ਵਿਚ ਛੋਟੀ ਕਿਸਾਨੀ ਨੂੰ ਟਿਊਬਵੈੱਲਾਂ ਲਈ ਮੁਫਤ ਬਿਜਲੀ ਅਤੇ ਵੱਡੀ ਕਿਸਾਨੀ ਨੂੰ 50 ਰੁਪਏ ਪ੍ਰਤੀ ਹਾਰਸ ਪਾਵਰ ਦੇ ਰੇਟ 'ਤੇ ਬਿਜਲੀ ਦਿੱਤੀ ਸੀ । 1997 ਵਿਚ ਅਕਾਲੀ-ਭਾਜਪਾ ਸਰਕਾਰ ਬਣਨ 'ਤੇ ਸਾਰੇ ਕਿਸਾਨਾਂ ਲਈ ਟਿਊਬਵੈਲਾਂ ਲਈ ਮੁਫਤ ਬਿਜਲੀ ਦੀ ਸਹੂਲਤ ਦਿੱਤੀ ਗਈ। 2002 ਵਿਚ ਕਾਂਗਰਸ ਸਰਕਾਰ ਆਉਣ 'ਤੇ 2003 ਵਿਚ ਇਹ ਸਹੂਲਤ ਬੰਦ ਕਰ ਦਿੱਤੀ ਗਈ ਪਰ 2006 ਵਿਚ ਇਹ ਮੁੜ ਲਾਗੂ ਕਰ ਦਿੱਤੀ । 2007 ਵਿਚ ਇਕ ਵਾਰ ਫਿਰ ਅਕਾਲੀ-ਭਾਜਪਾ ਸਰਕਾਰ ਬਣਨ 'ਤੇ ਇਹ ਸਹੂਲਤ ਬਰਕਰਾਰ ਰੱਖੀ ਗਈ ਅਤੇ ਨਾਲ ਹੀ ਹੋਰ ਵਰਗਾਂ ਜਿਵੇਂ ਦਲਿਤਾਂ ਨੂੰ ਘਰਾਂ ਲਈ 200 ਯੂਨਿਟਾਂ ਮੁਫਤ ਬਿਜਲੀ ਦੀ ਸਹੂਲਤ, ਸਨਅਤਾਂ ਦੇ ਕੁਝ ਵਰਗਾਂ ਆਦਿ ਨੂੰ ਵੀ ਸਸਤੀ ਬਿਜਲੀ ਦਿੱਤੀ ਗਈ ।

2017 ਵਿਚ ਕਾਂਗਰਸ ਸਰਕਾਰ ਬਣਨ 'ਤੇ ਇਹ ਸਾਰੀਆਂ ਸਹੂਲਤਾਂ ਜਾਰੀ ਰੱਖੀਆਂ ਗਈਆਂ। 2022 ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਇਹ ਸਹੂਲਤਾਂ/ਸਬਸਿਡੀਆਂ ਜਾਰੀ ਨਹੀਂ ਰੱਖੀਆਂ ਸਗੋਂ ਜੁਲਾਈ 2022 ਤੋਂ ਸੂਬੇ ਦੇ ਸਾਰੇ ਖਪਤਕਾਰਾਂ ਨੂੰ ਮਹੀਨੇ ਵਿਚ 300 ਯੂਨਿਟਾਂ ਮੁਫ ਤ ਬਿਜਲੀ ਦੀ ਸਹੂਲਤ ਵੀ ਸ਼ੁਰੂ ਕਰ ਦਿੱਤੀ । ਅੱਜ ਕੱਲ੍ਹ ਸੂਬੇ ਵਿਚ ਲੱਗਭਗ ਛੇ ਕਿਸਮਾਂ ਦੀ ਬਿਜਲੀ ਸਬਸਿਡੀ ਦਿੱਤੀ ਜਾ ਰਹੀ ਹੈ : ਖੇਤੀ ਖੇਤਰ ਦੀ ਸਬਸਿਡੀ, ਘਰੇਲੂ 300 ਯੂਨਿਟਾਂ ਪ੍ਰਤੀ ਮਹੀਨਾ ਸਬਸਿਡੀ 7 ਕਿਲੋਵਾਟ ਤੱਕ 2.50 ਰੁਪਏ ਪ੍ਰਤੀ ਯੂਨਿਟ ਸਬਸਿਡੀ, ਛੋਟੀਆਂ ਪਾਵਰ ਸਨਅਤਾਂ ਲਈ ਸਬਸਿਡੀ, ਮਧਿਅਮ ਪਾਵਰ ਸਨਅਤਾਂ ਲਈ ਸਬਸਿਡੀ ਅਤੇ ਵੱਡੀਆਂ ਪਾਵਰ ਸਨਅਤਾਂ ਲਈ ਸਬਸਿਡੀ । ਇਹਨਾਂ ਸਬਸਿਡੀਆਂ ਉੱਤੇ ਸਰਕਾਰ ਤਕਰੀਬਨ 20-21,000 ਕਰੋੜ ਰੁਪਏ ਸਾਲਾਨਾ ਖਰਚ ਰਹੀ ਹੈ। ਇਹ ਸਰਕਾਰ ਦੀ ਸਾਲਾਨਾ ਆਮਦਨ ਦਾ 18-19 ਪ੍ਰਤੀਸ਼ਤ ਬਣਦਾ ਹੈ ।

**ਬਿਜਲੀ ਸਬਸਿਡੀਆਂ ਅਤੇ ਚੋਣਾਂ**

ਕਿਹਾ ਜਾਂਦਾ ਹੈ ਕਿ ਇਹ ਮੁਫਤ ਸਹੂਲਤਾਂ ਅਤੇ ਸਬਸਿਡੀਆਂ ਸਿਆਸੀ ਪਾਰਟੀਆਂ ਚੋਣਾਂ ਜਿੱਤਣ ਲਈ ਦਿੰਦੀਆਂ ਹਨ । ਉਂਝ, ਇਹ ਸਬਸਿਡੀਆਂ ਸ਼ੁਰੂ ਕਰਨ ਵਾਲੀ ਕਾਂਗਰਸ 1997 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਈ ਸੀ । ਅਗਲੀ ਅਕਾਲੀ-ਭਾਜਪਾ ਦੀ ਸਰਕਾਰ ਨੇ ਮੁਫਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀ ਨੂੰ ਹੋਰਨਾਂ ਵਰਗਾਂ ਤੱਕ ਵਧਾਇਆ ਪਰ ਉਹ ਵੀ 2002 ਵਾਲੀਆਂ ਵਿਧਾਨ ਸਭਾ ਚੋਣਾਂ ਹਾਰ ਗਈ ਸੀ। ਇਸ ਤੋਂ ਬਾਅਦ ਕਾਂਗਰਸ ਦੀ ਸਰਕਾਰ ਨੇ ਥੋੜ੍ਹੇ ਸਮੇਂ ਲਈ ਮੁਫਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀ ਖਤਮ ਕੀਤੀਆਂ ਪਰ ਜਲਦੀ ਹੀ ਦੁਬਾਰਾ ਸ਼ੁਰੂ ਕਰ ਦਿੱਤੀਆਂ ਪਰ ਉਹ ਵੀ 2007 ਵਿਚ ਵਿਧਾਨ ਸਭਾ ਚੋਣਾਂ ਹਾਰ ਗਈ। 2007 ਤੋਂ 2017 ਦੀ ਅਕਾਲੀ-ਭਾਜਪਾ ਸਰਕਾਰ ਨੇ ਮੁਫਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀਆਂ ਹੋਰ ਵਰਗਾਂ ਨੂੰ ਵੀ ਦਿੱਤੀਆਂ ਪਰ ਅਕਾਲੀ-ਭਾਜਪਾ ਵੀ 2017 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਏ। 2017 ਦੀ ਕਾਂਗਰਸ ਦੀ ਸਰਕਾਰ ਨੇ ਬਿਜਲੀ ਸਬਸਿਡੀਆਂ ਨੂੰ ਉਵੇਂ ਹੀ ਜਾਰੀ ਰੱਖਿਆ ਪਰ ਉਹ ਵੀ 2022 ਦੀਆਂ ਚੋਣਾਂ ਹਾਰ ਗਈ । 2022 ਵਿਚ ਬਣੀ ਮੌਜੂਦਾ ਸਰਕਾਰ ਨੇ ਸੂਬੇ ਵਿਚ 300 ਯੂਨਿਟਾਂ ਪ੍ਰਤੀ ਮਹੀਨਾ ਘਰੇਲੂ ਬਿਜਲੀ ਮੁਫਤ ਕਰ ਦਿੱਤੀ ਤੇ ਹੁਣੇ ਆਏ ਲੋਕ ਸਭਾ ਚੋਣ ਨਤੀਜੇ ਸਭ ਦੇ ਸਾਹਮਣੇ ਹਨ । ਇਸ ਤੋਂ ਇਕ ਗੱਲ ਕਾਫੀ ਹੱਦ ਤੱਕ ਸਪੱਸ਼ਟ ਹੁੰਦੀ ਹੈ ਮੁਫਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀਆਂ ਦਾ ਚੋਣਾਂ ਜਿੱਤਣ ਨਾਲ ਕੋਈ ਬਹੁਤਾ ਸਿੱਧਾ-ਸਿੱਧਾ ਸਬੰਧ ਨਹੀਂ ਲੱਗਦਾ ।

**ਬਿਜਲੀ ਸਬਸਿਡੀਆਂ ਅਤੇ ਧਰਤੀ ਹੇਠਲਾ ਪਾਣੀ**

ਸੂਬੇ ਦੇ ਬਹੁਤੇ ਬਲਾਕਾਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਤੇਜ਼ੀ ਨਾਲ ਘਟ ਕੇ ਖਤਰਨਾਕ ਪੱਧਰ ਤੱਕ ਨੀਵਾਂ ਹੋ ਗਿਆ ਹੈ । ਕਿਹਾ ਜਾ ਰਿਹਾ ਹੈ ਕਿ ਸੂਬਾ ਬਹੁਤ ਜਲਦੀ ਧਰਤੀ ਹੇਠਲੇ ਪਾਣੀ ਤੋਂ ਵਾਂਝਾ ਹੋ ਸਕਦਾ ਹੈ ਅਤੇ ਰੇਗਿਸਤਾਨ ਵਿਚ ਬਦਲ ਸਕਦਾ ਹੈ । ਸੂਬੇ ਵਿਚ 1980 ਤੋਂ ਬਾਅਦ ਝੋਨੇ ਦੀ ਖੇਤੀ ਵੱਡੇ ਪੱਧਰ ਤੇ ਸ਼ੁਰੂ ਹੋ ਗਈ ਸੀ ਅਤੇ ਅੱਜ ਬਹੁਤ ਵੱਡਾ ਰਕਬਾ ਝੋਨੇ ਦੀ ਖੇਤੀ ਹੇਠ ਹੈ। ਇਸ ਫਸਲ ਨੂੰ ਬਹੁਤ ਜ਼ਿਆਦਾ ਪਾਣੀ ਦੀ ਜ਼ਰੂਰਤ ਹੁੰਦੀ ਹੈ ਅਤੇ ਅੱਜ ਕੱਲ੍ਹ ਨਹਿਰੀ ਪਾਣੀ ਦੇ ਨਾਲ-ਨਾਲ 14-15 ਲੱਖ ਬਿਜਲੀ ਆਧਾਰਿਤ ਟਿਊਬਵੈਲਾਂ ਨਾਲ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ । ਇਸ ਫਸਲੀ ਚੱਕਰ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਚਲਾ ਗਿਆ ਹੈ । ਇਸੇ ਕਾਰਨ ਕਿਸਾਨਾਂ ਨੂੰ ਸਮੇਂ-ਸਮੇਂ ਟਿਊਬਵੈਲ ਡੂੰਘੇ ਕਰਨੇ ਪੈ ਰਹੇ ਹਨ ਅਤੇ ਮੋਟਰਾਂ ਦਾ ਲੋਡ ਦਾ ਵਧਾਉਣਾ ਪੈ ਰਿਹਾ ਹੈ । ਇਸ ਨਾਲ ਬਿਜਲੀ ਦੀ ਖਪਤ ਵਧਦੀ ਹੈ। ਝੋਨੇ ਨੇ ਨਾ ਸਿਰਫ ਧਰਤੀ ਹੇਠਲੇ ਪਾਣੀ ਦਾ ਹੀ ਸੰਕਟ ਖੜ੍ਹਾ ਕੀਤਾ ਹੈ ਸਗੋਂ ਪੰਜਾਬ ਦਾ ਜਲਵਾਯੂ ਵੀ ਗੰਧਲਾ ਤੇ ਪਲੀਤ ਕੀਤਾ ਹੈ । ਖੇਤੀ ਤੇ ਆਰਥਿਕ ਮਾਹਿਰਾਂ ਅਤੇ ਹੋਰ ਸਬੰਧਿਤ ਲੋਕਾਂ ਦਾ ਵੱਡਾ ਖੇਮਾ ਪਿਛਲੇ ਸਮੇਂ ਤੋਂ ਦੁਹਾਈ ਪਾ ਰਿਹਾ ਹੈ ਕਿ ਸੂਬੇ ਵਿਚ ਝੋਨੇ ਦੀ ਫਸਲ ਦਾ ਬਦਲ ਲੱਭਿਆ ਜਾਵੇ ਪਰ ਅਜੇ ਤੱਕ ਕਾਮਯਾਬੀ ਨਹੀਂ ਮਿਲ ਸਕੀ । ਬਹੁਤੇ ਮਾਹਿਰ ਖੇਤੀ ਲਈ ਮੁਫਤ ਬਿਜਲੀ ਦੀ ਸਪਲਾਈ ਨੂੰ ਵੀ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਨੀਵਾਂ ਪਹੁੰਚਾਉਣ ਲਈ ਦੋਸ਼ੀ ਮੰਨਦੇ ਹਨ; ਉਨ੍ਹਾਂ ਮੁਤਾਬਕ ਕਿਸਾਨ ਮੁਫਤ ਬਿਜਲੀ ਹੋਣ ਕਾਰਨ ਬਿਨਾਂ ਲੋੜ ਜਾਂ ਲੋੜ ਤੋਂ ਜ਼ਿਆਦਾ ਪਾਣੀ ਦੀ ਵਰਤੋਂ ਕਰਦੇ ਹਨ । ਇਹ ਖੇਮਾ ਬਿਜਲੀ ਮੋਟਰਾਂ ਲਈ ਮੁਫਤ ਬਿਜਲੀ ਬੰਦ ਕਰਨ ਦੀ ਵਕਾਲਤ ਕਰ ਰਿਹਾ ਹੈ ।

**ਬਿਜਲੀ ਸਬਸਿਡੀਆਂ ਅਤੇ ਵਿੱਤੀ ਹਾਲਤ**

ਵੱਖ-ਵੱਖ ਸਰਕਾਰਾਂ ਦੀਆਂ ਮੁਫਤ ਸਹੂਲਤਾਂ ਅਤੇ ਸਬਸਿਡੀ ਨੇ ਸੂਬੇ ਦੀ ਵਿਤੀ ਹਾਲਤ ਕਮਜ਼ੋਰ ਤੇ ਡਾਵਾਂਡੋਲ ਬਣਾ ਦਿੱਤੀ ਹੈ । 1996 ਵਿਚ ਸ਼ੁਰੂ ਕੀਤੀ ਸਹੂਲਤ ਦਾ ਸਾਲਾਨਾਂ ਖਰਚ ਲੱਗਭਗ 900 ਕਰੋੜ ਰੁਪਏ ਤੋਂ ਵੱਧ ਕੇ 2005 ਤੱਕ ਲੱਗਭਗ 21000 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ । ਪੰਜਾਬ ਸਰਕਾਰ ਨੇ 1996-97 ਤੋਂ 2014-15 ਤੱਕ ਮੁਫਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉੱਤੇ 43600 ਕਰੋੜ ਰੁਪਏ ਅਤੇ 2020-2021 ਤੱਕ 1,18,000 ਕਰੋੜ ਰੁਪਏ ਖਰਚੇ ਹਨ । ਅੰਦਾਜ਼ੇ ਮੁਤਾਬਿਕ 1996 ਤੋਂ 2025 ਤੱਕ ਲੱਗਭਗ 1,75,000 ਕਰੋੜ ਰੁਪਏ ਤੋਂ ਵੱਧ ਮੁਫਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉੱਤੇ ਖਰਚ ਹੋ ਜਾਣਗੇ । ਜੇ ਇਸ ਖਰਚੇ ਵਿਚ ਇਸੇ ਦੌਰਾਨ ਦਿੱਤੀਆਂ ਹੋਰ ਮੁਫਤ ਸਹੂਲਤਾਂ ਅਤੇ ਸਬਸਿਡੀਆਂ ਦੇ ਖਰਚੇ ਜੋੜ ਲਈਏ ਤਾਂ ਇਹ ਰਕਮ ਕਾਫੀ ਬਣ ਜਾਵੇਗੀ ।

ਮਾਰਚ 2024 ਦੇ ਅੰਤ ਵਿਚ ਸੂਬੇ ਵਿਚ 343626.39 ਕਰੋੜ ਰੁਪਏ ਕਰਜ਼ਾ ਸੀ ਜੋ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 43.88 ਪ੍ਰਤੀਸ਼ਤ ਹੈ। ਇਵੇਂ ਹੀ ਸੂਬੇ ਦੇ 2024-25 ਦੇ ਬਜਟ ਅਨੁਮਾਨਾਂ ਮੁਤਾਬਿਕ ਕਰਜ਼ਾ ਮਾਰਚ 2025 ਵਿਚ 374091.31 ਕਰੋੜ ਰੁਪਏ ਹੋ ਜਾਵੇਗਾ ਜਿਹੜਾ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 44.05 ਪ੍ਰਤੀਸ਼ਤ ਹੋਵੇਗਾ । ਜੇ ਅਗਲੇ ਕੁਝ ਸਾਲਾਂ ਵਿਚ ਇਹੀ ਹਾਲਤ ਰਹਿੰਦੀ ਹੈ ਤਾਂ ਪੰਜਾਬ ਕਰਜ਼ੇ ਦੇ ਜੰਜਾਲ/ਜਾਲ ਵਿਚ ਬਹੁਤ ਡੂੰਘਾ ਫਸ ਜਾਵੇਗਾ ।

ਜੇ ਮੰਨ ਲਿਆ ਜਾਵੇ ਕਿ ਮੁਫਤ ਬਿਜਲੀ ਦੀ ਸਹੂਲਤ ਅਤੇ ਸਬਸਿਡੀਆਂ ਨਾ ਦਿੱਤੀਆਂ ਹੁੰਦੀਆਂ ਅਤੇ ਹੋਰ ਮੁਫਤ ਸਹੂਲਤਾਂ ਤੇ ਸਬਸਿਡੀਆਂ ਤਰਕਸੰਗਤ ਢੰਗ ਨਾਲ ਦਿੱਤੀਆਂ ਹੁੰਦੀਆਂ ਤਾਂ ਸੂਬੇ ਸਿਰ ਕਰਜ਼ਾ ਨਾ-ਮਾਤਰ ਹੋਣਾ ਸੀ । ਜੇਕਰ ਇਹੀ ਮੋਟੀਆਂ ਰਕਮਾਂ ਅਤੇ ਕਰਜ਼ੇ ਦੇ ਵਿਆਜ ਦੇ ਰੂਪ ਵਿਚ ਅਦਾ ਕੀਤੀ ਜਾਂਦੀ ਮੋਟੀ ਰਕਮ ਸੂਬੇ ਵਿਚ ਨਿਵੇਸ਼ ਕੀਤੀ ਹੁੰਦੀ ਤਾਂ ਸੂਬੇ ਦੀ ਆਮਦਨ ਵਿਚ ਚੋਖਾ ਵਾਧਾ ਹੋਣਾ ਤੈਅ ਸੀ । ਇਸ ਹਿਸਾਬ ਨਾਲ ਪੰਜਾਬ ਅੱਜ ਕਰਜ਼ਾ ਮੁਕਤ ਹੁੰਦਾ ਅਤੇ ਇਹ ਅੱਜ ਵੀ ਆਰਥਿਕ ਵਿਕਾਸ ਅਤੇ ਮਾਪਦੰਡਾਂ ਦੇ ਮਾਮਲੇ ਵਿਚ ਦੇਸ਼ ਦਾ ਮੋਹਰੀ ਸੂਬਾ ਹੁੰਦਾ ।

**ਸੰਭਾਵਨਾਵਾਂ**

ਇਹ ਵਿਸ਼ਲੇਸ਼ਣ ਸਪਸ਼ਟ ਕਰਦਾ ਹੈ ਕਿ ਬਿਜਲੀ ਸਬਸਿਡੀਆਂ ਅਤੇ ਮੁਫਤ ਬਿਜਲੀ ਦੀਆਂ ਸਹੂਲਤਾਂ ਨੇ ਸੂਬੇ ਦਾ ਕੋਈ ਬਹੁਤਾ ਫਾਇਦਾ ਨਹੀਂ ਕੀਤਾ ਸਗੋਂ ਉਲਟਾ ਨੁਕਸਾਨ ਹੀ ਕੀਤਾ ਹੈ । ਸੂਬੇ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਕਰਕੇ ਪਾਣੀ ਦਾ ਸੰਕਟ ਖੜ੍ਹਾ ਕਰ ਦਿੱਤਾ ਅਤੇ ਜਲਵਾਯੂ ਵੀ ਪਲੀਤ ਕੀਤਾ । ਸਿਆਸੀ ਪਾਰਟੀਆਂ ਵੀ ਇਨ੍ਹਾਂ ਦੇ ਸਹਾਰੇ ਚੋਣਾਂ ਜਿੱਤਣ ਵਿਚ ਬਹੁਤੀਆਂ ਸਫਲ ਨਹੀਂ ਹੋਈਆਂ। ਮੁਫਤ ਬਿਜਲੀ ਤੇ ਸਬਸਿਡੀਆਂ ਨੇ ਸੂਬੇ ਦੀ ਵਿੱਤੀ ਹਾਲਤ ਨੂੰ ਬਹੁਤ ਤਰਸਯੋਗ ਬਣਾ ਦਿੱਤਾ ਹੈ ਅਤੇ ਇਹ ਹੋਰ ਵਿਕਾਸ ਕੰਮਾਂ ਵਿਚ ਵੀ ਅੜਿੱਕਾ ਬਣ ਰਹੀਆਂ ਹਨ। ਇਥੇ ਇਹ ਕਹਿਣਾ ਵਾਜਿਬ ਹੋਵੇਗਾ ਕਿ ਜੇ ਸਿਆਸੀ ਪਾਰਟੀਆਂ ਅਤੇ ਨੇਤਾ ਸੂਬੇ ਦੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਵਿਕਾਸ ਲਈ ਸੁਹਿਰਦ ਹੁੰਦੇ ਤਾਂ ਪੰਜਾਬ ਅੱਜ ਕਰਜ਼ਾ ਮੁਕਤ ਹੋਣ ਦੇ ਨਾਲ-ਨਾਲ ਹੋਰ ਮਾੜੀਆਂ ਅਲਾਮਤਾਂ ਜਿਵੇਂ ਨਸ਼ੇ, ਬੇਰੁਜ਼ਗਾਰੀ, ਪਰਵਾਸ, ਖੇਤੀ ਸੰਕਟ, ਪੇਂਡੂ ਖੇਤਰਾਂ ਦਾ ਸੰਕਟ ਆਦਿ ਤੋਂ ਵੀ ਬਚਿਆ ਹੋਣਾ ਸੀ ਪਰ ਨੇਤਾਵਾਂ ਅਤੇ ਪਾਰਟੀਆਂ ਨੇ ਹਰ ਹਾਲ ਸੱਤਾ ਹਾਸਲ ਕਰਨ ਦੇ ਮਕਸਦ ਨੂੰ ਤਰਜੀਹ ਦੇ ਕੇ ਸੂਬੇ ਦੇ ਹਿੱਤਾਂ ਨੂੰ ਦਰਕਿਨਾਰ ਕੀਤਾ । ਇਹ ਵਰਤਾਰਾ ਬਿਨਾ ਰੋਕ ਟੋਕ ਵੀ ਜਾਰੀ ਹੈ । ਇਸ ਲਈ ਬਿਜਲੀ ਸਬਸਿਡੀਆਂ, ਮੁਫਤ ਬਿਜਲੀ ਸਹੂਲਤਾਂ ਤੇ ਸਬਸਿਡੀਆਂ ਨੂੰ ਸਾਰੀਆਂ ਸਬੰਧਿਤ ਧਿਰਾਂ ਵੱਲੋਂ ਮਿਲ ਬੈਠ ਕੇ ਤੁਰੰਤ ਬੰਦ ਕਰਨ ਜਾਂ ਤਰਕ ਸੰਗਤ ਬਣਾਉਣਾ ਚਾਹੀਦਾ ਹੈ ਤਾਂ ਕਿ ਸੂਬੇ ਨੂੰ ਹੋਰ ਨਿਘਾਰ ਅਤੇ ਨੁਕਸਾਨ ਤੋਂ ਬਚਾਇਆ ਜਾ ਸਕੇ ।




# ਨਰਮੇ ਦੀ ਫਸਲ ਵਿੱਚ ਚਿੱਟੀ ਮੱਖੀ ਦੀ ਸਰਵਪੱਖੀ ਰੋਕਥਾਮ

### ਚਿੱਟੀ ਮੱਖੀ ਦੀ ਪਹਿਚਾਣ

★ ਬੱਚੇ ਦੇਖਣ ਵਿਚ ਅੰਡਾਕਾਰ, ਖੰਭ ਰਹਿਤ ਅਤੇ ਕਰੀਮ ਜਿਹੇ ਚਿੱਟੇ ਤੋਂ ਫਿੱਕੇ ਪੀਲੇ ਰੰਗ ਦੇ ਹੁੰਦੇ ਹਨ ।

★ ਬਾਲਗ ਦੇ ਸਰੀਰ ਦਾ ਆਕਾਰ ਛੋਟਾ (1 ਤੋਂ 2 ਮਿਲੀਮੀਟਰ ਲੰਬਾ) ਅਤੇ ਇੱਕ ਜੋੜਾ ਖੰਭ ਹੁੰਦੇ ਹਨ ।



### ਚਿੱਟੀ ਮੱਖੀ ਦੇ ਹਮਲੇ ਦੀਆਂ ਨਿਸ਼ਾਨੀਆਂ

★ ਬਾਲਗ ਅਤੇ ਬੱਚੇ ਹੇਠਲੇ ਪਾਸਿਓਂ ਪੱਤਿਆਂ ਦਾ ਰਸ ਚੂਸਦੇ ਹਨ ।

★ ਜ਼ਿਆਦਾ ਹਮਲਾ ਹੋਣ ਤੇ ਸਮੁੱਚੇ ਤੌਰ ਤੇ ਬੂਟੇ ਦਾ ਵਿਕਾਸ ਰੁਕ ਜਾਂਦਾ ਹੈ ਅਤੇ ਝਾੜ ਉੱਤੇ ਮਾੜਾ ਅਸਰ ਹੁੰਦਾ ਹੈ ।

★ ਰਸ ਚੂਸਣ ਤੋਂ ਬਾਅਦ ਚਿਪਚਿਪਾ ਮਲ ਪੱਤਿਆਂ ਤੇ ਜਮ੍ਹਾ ਹੋ ਜਾਂਦਾ ਹੈ ਜਿਸਦੇ ਉੱਪਰ ਉੱਲੀ ਪੈਣ ਕਰਕੇ ਪੱਤੇ ਅਤੇ ਖਿੜਿਆ ਹੋਇਆ ਨਰਮਾ ਕਾਲੇ ਰੰਗ ਦੇ ਨਜ਼ਰ ਆਉਂਦੇ ਹਨ ।

★ ਚਿੱਟੀ ਮੱਖੀ ਨਰਮੇ ਦੀ ਫਸਲ ਵਿਚ ਪੱਤਾ ਮਰੋੜ ਬਿਮਾਰੀ ਨੂੰ ਵੀ ਫੈਲਾਉਂਦੀ ਹੈ ।

### ਸਰਵੇਖਣ ਕਦੋਂ ਅਤੇ ਕਿਵੇਂ ?

★ ਸਵੇਰੇ 10 ਵਜੇ ਤੋਂ ਪਹਿਲਾਂ ਨਰਮੇ ਦੇ 10 ਬੂਟਿਆਂ ਦੇ ਉੱਪਰਲੇ ਹਿੱਸੇ ਵਿਚ (3 ਪੱਤੇ ਪ੍ਰਤੀ ਬੂਟਾ) ਦੇ ਹੇਠਾਂ ਚਿੱਟੀ ਮੱਖੀ ਦੀ ਗਿਣਤੀ ਕਰੋ, ਜੇਕਰ ਪ੍ਰਤੀ ਪੱਤਾ ਔਸਤਨ ਮੱਖੀਆਂ 6 ਤੋਂ ਵੱਧ ਹੋਣ ਤਾਂ ਸਿਫਾਰਸ਼ ਕੀਤੀਆਂ ਕੀੜੇਮਾਰ ਦਵਾਈਆਂ ਦਾ ਛਿੜਕਾਅ ਕਰੋ ।

### ਕੀਟਨਾਸ਼ਕਾਂ ਦੀ ਸਹੀ ਚੋਣ

★ ਜਿਹੜੇ ਖੇਤਾਂ ਵਿਚ ਚਿੱਟੀ ਮੱਖੀ ਦਾ ਬਹੁਤ ਜ਼ਿਆਦਾ ਹਮਲਾ ਹੋਵੇ (15 ਬਾਲਗ ਪ੍ਰਤੀ ਪੱਤਾ ਤੋਂ ਵੱਧ) ਉੱਥੇ ਬਾਲਗਾਂ ਦੀ ਰੋਕਥਾਮ ਲਈ 200 ਗ੍ਰਾਮ ਕਲਾਸਟੋ 20 ਡਬਲਯੂ ਜੀ (ਪਾਇਰੀਫਲੂਕੀਨਾਜ਼ੋਨ) ਦਾ ਛਿੜਕਾਅ ਕਰਨ ਉਪਰੰਤ 4-5 ਦਿਨਾਂ ਬਾਅਦ 500 ਮਿਲੀਲੀਟਰ ਲੈਨੋ/ਡੈਟਾ 10 ਈ ਸੀ (ਪਾਇਰੀਪਰੋਕਸੀਫਿਨ) ਜਾਂ 200 ਮਿਲੀਲਿਟਰ ਓਬਰੇਨ/ਵੋਲਟੇਜ਼ 22.9 ਐਸ ਸੀ (ਸਪੈਰੋਮੈਸੀਫਿਨ) ਨੂੰ 150 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ ।

★ ਜਿਹੜੇ ਖੇਤਾਂ ਵਿਚ ਚਿੱਟੀ ਮੱਖੀ ਦਾ ਦਰਮਿਆਨਾ ਹਮਲਾ ਹੈ (8-15 ਬਾਲਗ ਪ੍ਰਤੀ ਪੱਤਾ) ਉੱਥੇ ਚਿੱਟੀ ਮੱਖੀ ਦੇ ਬਾਲਗਾਂ ਦੀ ਰੋਕਥਾਮ ਲਈ 400 ਮਿਲੀਲੀਟਰ ਸਫੀਨਾ 50 ਡੀ ਸੀ (ਅਫਿਡੋਪਾਇਰੋਪਿਨ) ਪ੍ਰਤੀ ਏਕੜ ਛਿੜਕਾਅ ਕੀਤਾ ਜਾਵੇ ਅਤੇ 5-7 ਦਿਨਾਂ ਬਾਅਦ 500 ਮਿਲੀਲੀਟਰ ਲੈਨੋ/ਡੈਟਾ 10 ਈ ਸੀ (ਪਾਇਰੀਪਰੋਕਸੀਫਿਨ) ਜਾਂ 200 ਮਿਲੀਲਿਟਰ ਓਬਰੇਨ/ਵੋਲਟੇਜ਼ 22.9 ਐਸ ਸੀ (ਸਪੈਰੋਮੈਸੀਫਿਨ) ਨੂੰ 150 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ ।

★ ਜਿਨ੍ਹਾਂ ਖੇਤਾਂ ਵਿਚ ਚਿੱਟੀ ਮੱਖੀ ਦਾ ਹਮਲਾ ਘੱਟ ਹੋਵੇ (6-8 ਬਾਲਗ ਪ੍ਰਤੀ ਪੱਤਾ) ਉਨ੍ਹਾਂ ਖੇਤਾਂ ਵਿਚ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 20 ਗ੍ਰਾਮ ਡੈਂਟੋਟਸੂ 50 ਡਬਲਯੂ ਜੀ (ਕਲੋਥੀਐਨੀਡਿਨ) ਜਾਂ 800 ਮਿਲੀਲਿਟਰ ਈਥੀਆਨ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

### ਧਿਆਨ ਰੱਖਣ ਯੋਗ ਗੱਲਾਂ

★ ਨਰਮੇ ਦੇ ਖੇਤਾਂ ਵਿਚ ਪਾਣੀ ਲਾਉ ਕਿਉਕਿ ਔੜ ਵਿਚ ਚਿੱਟੀ ਮੱਖੀ ਦੇ ਹਮਲਾ ਵੱਧ ਹੁੰਦਾ ਹੈ ।

★ ਨਾਈਟ੍ਰੋਜਨ ਤੱਤ ਵਾਲੀਆਂ ਖਾਦਾਂ ਦੀ ਸਿਫਾਰਸ਼ ਕੀਤੀ ਮਾਤਰਾ ਤੋਂ ਵੱਧ ਨਾ ਕਰੋ ।

★ ਕੀਟਨਾਸ਼ਕ ਦੇ ਚੰਗੇ ਅਸਰ ਲਈ ਬੂਟੇ ਦੇ ਹੇਠਾਂ ਤੋਂ ਉੱਪਰ ਤੱਕ ਸਾਰਿਆਂ ਪੱਤਿਆਂ ਤੇ ਛਿੜਕਾਅ ਕਰੋ ।

★ ਕੀਟਨਾਸ਼ਕ ਦਾ ਛਿੜਕਾਅ ਸਵੇਰੇ 12 ਵਜੇ ਤੋਂ ਪਹਿਲਾਂ ਜਾਂ ਸ਼ਾਮ ਵੇਲੇ ਕਰੋ ।

★ ਇੱਕੋ ਕੀਟਨਾਸ਼ਕ ਜਾਂ ਇੱਕ ਗਰੁੱਪ ਦੇ ਕੀਟਨਾਸ਼ਕਾਂ ਦਾ ਛਿੜਕਾਅ ਵਾਰ ਵਾਰ ਨਾ ਕਰੋ ਸਗੋਂ ਅਦਲ ਬਦਲ ਕਰਕੇ ਕਰੋ ।

★ ਕੀਟਨਾਸ਼ਕ ਮਿਸ਼ਰਣ ਨਾ ਵਰਤੋਂ ।

★ 15 ਸਤੰਬਰ ਤੋਂ ਪਹਿਲਾਂ ਸਿੰਥੈਟਿਕ ਪਰਿਥਰਾਇਡ (ਸਾਈਪਰਮੈਥਰਿਨ, ਫੈਨਵਲਰੇਟ, ਡੈਲਟਾਮੈਥਰਿਨ) ਕੀਟਨਾਸ਼ਕਾਂ ਦੀ ਵਰਤੋਂ ਨਾ ਕਰੋ ।

**ਵਿਜੈ ਕੁਮਾਰ, ਇੰਦਰਪ੍ਰੀਤ ਕੌਰ ਬੋਪਾਰਾਏ ਅਤੇ ਰਣਵੀਰ ਸਿੰਘ, ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 97794-51214)**

## ਨਰਮਾ ਕਾਸ਼ਤਕਾਰ ਕਿਸਾਨ ਸਮੇਂ ਸਮੇਂ ਤੇ ਆਪਣੀ ਫਸਲ ਦਾ ਸਰਵੇਖਣ ਕਰਨ ਤੇ ਲੋੜ ਅਨੁਸਾਰ ਸਿਫਾਰਿਸ਼ਸ਼ੁਦਾ ਕੀੜੇਮਾਰ ਦਵਾਈਆਂ ਦੀ ਵਰਤੋਂ ਕਰਨ

ਮੁੱਖ ਖੇਤੀਬਾੜੀ ਅਫਸਰ ਫਾਜ਼ਿਲਕਾ ਸੰਦੀਪ ਕੁਮਾਰ ਰਿਣਵਾ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਮੌਸਮ ਵਿੱਚ ਬੱਦਲਵਾਹੀ ਤੇ ਹਵਾ ਵਿੱਚ ਨਮੀ ਦੀ ਜ਼ਿਆਦਾ ਮਾਤਰਾ ਅਤੇ ਬਰਸਾਤਾਂ ਨਾ ਹੋਣ ਕਾਰਨ ਨਰਮੇ ਦੀ ਫਸਲ ਨੂੰ ਔੜ ਲੱਗੀ ਹੋਈ ਹੈ, ਜਿਸ ਕਾਰਨ ਕਈ ਥਾਵਾਂ ਉੱਤੇ ਚਿੱਟੀ ਮੱਖੀ ਦਾ ਹਮਲਾ ਦੇਖਣ ਨੂੰ ਮਿਲ ਰਿਹਾ ਹੈ। ਇਸ ਤਰ੍ਹਾਂ ਦਾ ਮੌਸਮ ਚਿੱਟੀ ਮੱਖੀ ਦੇ ਵਾਧੇ ਫੈਲਾਅ ਲਈ ਅਨੁਕੂਲ ਹੈ। ਉਨ੍ਹਾਂ ਦੱਸਿਆ ਕਿ ਚਿੱਟੀ ਮੱਖੀ ਦੇ ਬਾਲਗ ਅਤੇ ਬੱਚੇ ਨਰਮੇ ਦੇ ਪੱਤਿਆਂ ਦਾ ਰਸ ਚੂਸਦੇ ਹਨ ਅਤੇ ਪੱਤਿਆਂ ਉੱਤੇ ਚਿਪਚਿਪਾ ਪਦਾਰਥ ਛੱਡਦੇ ਹਨ ਇਸ ਨਾਲ



ਪੱਤਿਆਂ ਅਤੇ ਖਿੜੇ ਹੋਏ ਨਰਮੇ ਉੱਪਰ ਉੱਲੀ ਪੈਦਾ ਹੋ ਜਾਂਦੀ ਹੈ ਤੇ ਇਹ ਕਾਲੇ ਰੰਗ ਦੇ ਹੋ ਜਾਂਦੇ ਹਨ, ਚਿੱਟੀ ਮੱਖੀ ਨਰਮੇ ਵਿੱਚ ਲੀਫ ਕਰਲ ਬਿਮਾਰੀ ਫੈਲਾਉਂਦੀ ਹੈ।

ਉਨ੍ਹਾਂ ਜ਼ਿਲ੍ਹੇ ਦੇ ਸਮੂਹ ਨਰਮਾ ਕਾਸਤਕਾਰ ਕਿਸਾਨਾਂ ਨੂੰ ਅਪੀਲ ਕੀਤੀ ਪਾਣੀ ਦੀ ਉਪਲਬਧਤਾ ਅਨੁਸਾਰ ਨਰਮੇ ਦੀ ਫਸਲ ਨੂੰ ਔੜ ਤੋਂ ਬਚਾਉਣ ਲਈ ਪਾਣੀ ਲਗਾਇਆ ਜਾਵੇ। ਸਮੇਂ ਸਮੇਂ ਸਿਰ ਆਪਣੀ ਫਸਲ ਦਾ ਸਰਵੇਖਣ ਕਰਨ ਉਪਰੰਤ ਲੋੜ ਅਨੁਸਾਰ ਸਿਫਾਰਿਸ਼ਸ਼ੁਦਾ ਕੀੜੇਮਾਰ ਦਵਾਈਆਂ ਦੀ ਵਰਤੋਂ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਨਰਮੇ ਦੀ ਚਿੱਟੀ ਮੱਖੀ ਦੀ ਰੋਕਥਾਮ ਲਈ ਜਦੋਂ ਬੂਟੇ ਦੇ ਉੱਪਰਲੇ ਹਿੱਸੇ ਵਿੱਚ ਸਵੇਰੇ 10 ਵਜੇ ਤੋਂ ਪਹਿਲਾਂ ਇਸ ਦੀ ਗਿਣਤੀ ਪ੍ਰਤੀ ਪੱਤੇ ਤੇ ਛੇ ਹੋ ਜਾਵੇ ਉਦੋਂ ਛਿੜਕਾਅ ਕਰੋ ਅਤੇ ਘੱਟੋ ਘੱਟ 30 ਪੱਤੇ ਦੇਖੇ ਜਾਣ। ਉਨ੍ਹਾਂ ਦੱਸਿਆ ਕਿ ਚਿੱਟੀ ਮੱਖੀ ਨਰਮੇ ਤੋਂ ਇਲਾਵਾ ਹੋਰ ਫਸਲਾਂ ਮੂੰਗੀ, ਭਿੰਡੀ, ਬੈਂਗਣ ਆਦਿ ਤੇ ਹਮਲਾ ਕਰਦੀ ਹੈ ਇਸ ਲਈ ਇਨ੍ਹਾਂ ਫਸਲਾਂ ਤੇ ਵੀ ਸਰਵੇਖਣ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਹਰ ਸੋਮਵਾਰ ਅਤੇ ਵੀਰਵਾਰ ਖੇਤੀ ਵਿਭਾਗ ਦੀਆਂ 20 ਟੀਮਾਂ ਵੱਲੋਂ ਨਰਮੇ ਦੀ ਫਸਲ ਦਾ ਸਰਵੇਖਣ ਕੀਤਾ ਜਾਂਦਾ ਹੈ ਕਿਸੇ ਕਿਸਮ ਦੀ ਵਧੇਰੇ ਜਾਣਕਾਰੀ ਲਈ ਕਿਸਾਨ ਵੀਰ ਆਪਣੇ ਪਿੰਡ ਨਾਲ ਸਬੰਧਿਤ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਜਾਂ ਬਲਾਕ ਖੇਤੀਬਾੜੀ ਅਫਸਰ ਦੇ ਦਫਤਰ ਵਿਖੇ ਸੰਪਰਕ ਕਰ ਸਕਦੇ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਜਿਹੜੇ ਖੇਤਾਂ ਵਿੱਚ ਚਿੱਟੀ ਮੱਖੀ ਦੀ ਔਸਤ ਗਿਣਤੀ ਛੇ ਬਾਲਕ ਪ੍ਰਤੀ ਪੱਤਾ ਜਾਂ ਇਸ ਤੋਂ ਜਿਆਦਾ ਹੋਵੇ ਉੱਥੇ ਚਿੱਟੀ ਮੱਖੀ ਦੇ ਬਾਲਗਾਂ ਦੀ ਰੋਕਥਾਮ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫਾਰਿਸ਼ ਕੀਟਨਾਸ਼ਕ ਜਿਵੇਂ ਕਿ ਕਲਾਸਟੋ 20 ਡਬਲਯੂ ਜੀ (ਪਾਇਰੀਫਲੂਕੀਨਾਜ਼ੋਨ) 200 ਗ੍ਰਾਮ ਜਾਂ ਸਫੀਨਾ 50 ਡੀ ਸੀ (ਅਫਿਡੋਪਾਇਰੋਪਿਨ) 400 ਮਿਲੀਲੀਟਰ ਜਾਂ ਓਸੀਨ 20 ਐਸਸੀ (ਡਾਈਨੋਟੈਫੁਰਾਨ) 60 ਗ੍ਰਾਮ ਜਾਂ ਉਲਾਲਾ 50 ਡਬਲਯੂ ਜੀ (ਫਲੂਨੀਕਾਮਿਡ) 80 ਗ੍ਰਾਮ ਜਾ ਫੌਸਮਾਈਟ/ ਈ ਮਾਈਟ/ਵੋਲਥੀਆਨ/ ਗੋਲਡਮਿਟ 50 ਈਸੀ (ਈਥੀਆਨ) 800 ਮਿਲੀਲਿਟਰ ਪ੍ਰਤੀ ਏਕੜ ਆਦਿ ਕੀਟਨਾਸ਼ਕਾਂ ਦੀ ਸਪਰੇ ਕੀਤੀ ਜਾਵੇ। ਚਿੱਟੀ ਮੱਖੀ ਦੇ ਬੱਚਿਆਂ (ਨਿੰਫ) ਦੀ ਰੋਕਥਾਮ ਲਈ 500 ਮਿਲੀਲਿਟਰ ਲੈਨੋ/ਡੈਟਾ 10 ਈਸੀ ਪਾਈਰੀਪਰਕਸੀਫਿਨ ਜਾਂ 200 ਮਿਲੀਲਿਟਰ ਓਬਰੇਨ ਵੋਲਟੇਜ਼ 22.9 ਐਸਸੀ (ਸਪੈਰੋਮੈਸੀਫਿਨ) ਨੂੰ 150 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕੀਤਾ ਜਾਵੇ। ਵਧੇਰੇ ਜਾਣਕਾਰੀ ਲਈ ਆਪਣੇ ਜ਼ਿਲ੍ਹੇ ਦੇ ਖੇਤੀਬਾੜੀ ਦਫਤਰ ਨਾਲ ਸੰਪਰਕ ਕੀਤਾ ਜਾਵੇ।

